ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004
www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email: mssohal@yahoo.com

ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria, Nanaimo, Prince George, Kelowna, Kamloops, Oliver, Squamish
ALBERTA Edmonton Calgary
USA Greater Seattle, Everett, Marysville, Portland, Bellingham, Belivue, Lyndon, Lynwood
sales@punjabguardian.com
www.punjabguardian.com


Tel: 604-590-5200 Fax: 604-596-5700 Toll Free: 1-877-584-5200 Vol. 32, Issue No. 49, Ending Date: Dec 05, 2025

LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Loan Officer | NMLS 1900093
Cell: 253-223-3717

# ਬੀ.ਸੀ. ਸਰਕਾਰ ਨੇ 24 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਵਰ੍ਹੇਗੰਢ ਵਜੋਂ ਮਨਾਉਣ ਦਾ ਕੀਤਾ ਐਲਾਨ

ਸਰੀ:ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 24 ਨਵੰਬਰ 2025 ਨੂੰ ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਅਮਰ ਸ਼ਹਾਦਤ ਦੇ 350ਵੇਂ ਪ੍ਰਕਾਸ਼ ਵਰ੍ਹੇ ਵਜੋਂ ਮਨਾਉਣ ਦਾ ਅਧਿਕਾਰਿਕ ਐਲਾਨ-ਨਾਮਾ ਜਾਰੀ ਕੀਤਾ ਹੈ।

ਇਹ ਪ੍ਰਕਾਸ਼ਨਾ ਉਸ ਅਦੁੱਤੀ ਕੁਰਬਾਨੀ ਨੂੰ ਸਲਾਮ ਹੈ ਜੋ ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਨਿਰਬਲਾਂ ਦੀ ਰੱਖਿਆ ਲਈ ਦਿੱਤੀ—ਇੱਕ ਅਜਿਹੀ ਸ਼ਹਾਦਤ ਜੋ ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਮੰਨੀ ਜਾਂਦੀ ਹੈ।ਇਹ ਐਲਾਨ-ਨਾਮਾ ਮਹਾਰਾਜਾ ਕਿੰਗ ਚਾਰਲਜ਼ ਤੀਜੇ ਦੇ ਨਾਮ ਵਿੱਚ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਬੀ ਸੀ ਵਿੱਚ ਸਿੱਖ ਕਮਿਊਨਿਟੀ ਦੀਆਂ ਕਈ ਪੀੜ੍ਹੀਆਂ ਦੇ ਫੈਲੇ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਯੋਗਦਾਨ ਨੂੰ ਵੀ ਸਨਮਾਨਿਆ ਗਿਆ ਹੈ।1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਇੱਥੇ ਆ ਵਸੇ ਸਿੱਖ ਪਰਵਾਸੀਆਂ ਨੇ ਸੂਬੇ ਦੀ ਤਰੱਕੀ, ਉਸ ਦੀਆਂ ਮੁੱਲਾਂ ਅਤੇ ਉਸ ਦੀ



ਬਹੁ-ਸੱਭਿਆਚਾਰਕ ਪਹਿਚਾਣ ਵਿੱਚ ਮੁੱਲਵਾਨ ਭੂਮਿਕਾ ਨਿਭਾਈ ਹੈ।ਇਸ ਐਲਾਨ ਵਿੱਚ ਗੁਰੂ ਤੇਗ਼ ਬਹਾਦਰ ਜੀ ਨੂੰ "ਧਾਰਮਿਕ ਆਜ਼ਾਦੀ ਦੇ ਰੱਖਿਅਕ, ਕੁਰਬਾਨੀ ਅਤੇ ਹਿੰਮਤ ਦੇ ਪ੍ਰਤੀਕ ਅਤੇ ਸਭਿਆਚਾਰਕ ਸਾਂਝ ਦੇ ਮਸੀਹਾ" ਵਜੋਂ ਉਭਾਰਿਆ ਗਿਆ।ਇਸ ਸਬੰਧ ਵਿਚ ਸਰਕਾਰੀ ਸਮਾਗਮ ਸਰੀ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿੱਚ ਹੋਇਆ, ਜਿੱਥੇ ਬ੍ਰਿਟਿਸ਼ ਕੋਲੰਬੀਆ ਦੀ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਇਸ ਪ੍ਰਕਾਸ਼ਨਾ ਨੂੰ ਸੰਗਤ ਦੇ ਸਾਹਮਣੇ ਪੜ੍ਹ ਕੇ ਸੁਣਾਇਆ ਅਤੇ ਇਸ ਦੀ ਫ੍ਰੇਮ ਕੀਤੀ ਕਾਪੀ ਗੁਰਦੁਆਰਾ (ਬਾਕੀ ਸਫਾ ਏ-23 ਤੇ)

## ਤਾਈਵਾਨ ਮੁੱਦੇ 'ਤੇ ਟਰੰਪ ਨੇ ਜਾਪਾਨ ਨੂੰ ਦਿੱਤਾ ਸਖ਼ਤ ਸੰਦੇਸ਼

ਵਾਸ਼ਿੰਗਟਨ:ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਜਾਪਾਨ ਦੀ ਪ੍ਰਧਾਨ ਮੰਤਰੀ ਸਾਨੇ ਤਾਕਾਈਚੀ ਨੂੰ ਚੀਨ ਨਾਲ ਵਧ ਰਹੇ ਤਣਾਅ ਦੇ ਮੱਦੇਨਜ਼ਰ ਇੱਕ ਸਖ਼ਤ ਸੰਦੇਸ਼ ਦਿੱਤਾ ਹੈ।ਟਰੰਪ ਨੇ ਫ਼ੋਨ 'ਤੇ ਤਾਕਾਈਚੀ ਨੂੰ ਸਲਾਹ ਦਿੱਤੀ ਕਿ ਉਹ ਤਾਇਵਾਨ ਨੂੰ ਲੈ ਕੇ ਟਕਰਾਅ ਵਧਾਉਣ ਤੋਂ ਬਚਣ, ਕਿਉਂਕਿ ਇਹ ਕਦਮ ਏਸ਼ੀਆ ਵਿੱਚ ਹੋਰ ਅਸਥਿਰਤਾ ਪੈਦਾ ਕਰ ਸਕਦਾ ਹੈ।ਟਰੰਪ ਨੇ ਜਾਪਾਨੀ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਨ੍ਹਾਂ ਦੇ ਤਾਜ਼ਾ ਬਿਆਨ ਨੇ ਪਹਿਲਾਂ ਹੀ ਟੋਕੀਓ ਅਤੇ ਬੀਜਿੰਗ ਦਰਮਿਆਨ ਸਬੰਧਾਂ ਵਿੱਚ (ਬਾਕੀ ਸਫਾ ਏ-14 ਤੇ)

Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

BARRETT FINANCIAL GROUP
BARRETT FINANCIAL GROUP NMLS #18110
Cell: 206-391-2630
Email: hgrover@barrettfinancial.com
Web: www.barrettfinancial.com/hgrover
2701 East Insight Way, Suite 150, Chandler, AZ 85286
Harmandeep Grover

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888, 425-420-1889

Over 30 Years of Industry Experience
MULTANI LAW GROUP
Gerald F. Robison Senior Attorney
Jashan Multani 206-243-4219
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
Website: multanilawgroup.com
Email: Jashan@multanilawgroup.com
Add: 512 West Meeker St, Kent, WA 98032

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100, Kirkland, WA 98033

John L. Scott Real Estate
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
Email: ksingh@johnlscott.com www.ksingh.johnlscott.com
Kent North Office: 20829-72nd Ave S, Ste 800 Kent, WA 98032

ਖ਼ੁਸ਼ਖ਼ਬਰੀ! ਖ਼ੁਸ਼ਖ਼ਬਰੀ! ਖ਼ੁਸ਼ਖ਼ਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell: 206-446-9366
Office: 253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
Cell: 206-766-0551
KELLER WILLIAMS REALTY

WEST CAPITAL LENDING
YOUR PREFFERRED LOCAL LENDER

FOREVER ROOFING
Licensed, Bonded & Insured
PAWANDEEP JOSAN
Marketing Manager
Free Estimate 2062613683
Web: Foreverroofing.net
Email: info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax
•Indian Visa & OCI Applications
•Health Plans
Kent: 253-338-9487
Puyallup: 253-407-4723
Bellingham: 360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

BALBIR SINGH NIJJAR
Senior Loan Originator
ਮੋਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


Reshmi's Group

INDIAN FOOD DISTRIBUTOR


AVAILABLE NOW

# Henna & Mehendi

## ਹੇਨਾ ਅਤੇ ਮੇਹੰਦੀ





**Henna - Burgandy** 100gm
ਹੇਨਾ – ਬਰਗੰਡੀ 100 ਗ੍ਰਾਮ




**Henna - Red** 100gm
ਹੇਨਾ – ਲਾਲ 100 ਗ੍ਰਾਮ




**Henna - Black** 100gm
ਹੇਨਾ – ਕਾਲਾ 100 ਗ੍ਰਾਮ




**Henna - Brown** 100gm
ਹੇਨਾ – ਭੂਰਾ 100 ਗ੍ਰਾਮ




**Mehendi- Black** (12 pcs)
ਮੇਹੰਦੀ – ਕਾਲਾ (12 ਪੀਸ)




**Mehendi- Brown** (12 pcs)
ਮੇਹੰਦੀ – ਭੂਰਾ (12 ਪੀਸ)

*Enhance your beauty naturally with our premium Mehendi & Henna.*

**ਸਾਡੇ ਪ੍ਰੀਮੀਅਮ ਮੇਹੰਦੀ ਅਤੇ ਹੇਨਾ ਨਾਲ ਕੁਦਰਤੀ ਤਰੀਕੇ ਨਾਲ ਆਪਣੀ ਖੂਬਸੂਰਤੀ ਨੂੰ ਨਿਖਾਰੋ।**

BUY NOW

For Wholesale Order at :

1120 Andover Park E,Tukwila, WA 98188,T: (206) 575-0050,
E: sales@reshmisgroup.com.


BLACK FRIDAY Sale
UNTIL DEC 1, 2025
FINANCING AVAILABLE
NO CREDIT CHECK
90 DAYS NO-INTEREST
All Diamond Jewelry on CLEARANCE
UP TO 60% OFF
Diamond Rings, Earrings, Necklaces, and much more
ਸਾਰੀ ਡਾਇਮੰਡ ਜਿਊਲਰੀ
ਤੇ ਕਲੀਅਰੈਂਸ ਲੱਗ ਚੁੱਕੀ ਹੈ
UP TO 60% OFF
ਡਾਇਮੰਡ ਰਿੰਗਜ, ਈਅਰਰਿੰਗਜ, ਨੈੱਕਲੇਸ ਅਤੇ ਹੋਰ ਬਹੁਤ ਕੁਝ
FREE GIFT WITH PURCHASE
WHILE SUPPLIES LAST
ਖਰੀਦ ਦੇ ਨਾਲ ਫਰੀ ਗਿਫਟ
ਜਦੋਂ ਤੱਕ ਸਪਲਾਈ ਉਪਲਬਧ ਹੈ
FREE GIFT
*up to $50 Value
TAJ JEWELERS
253-981-3071
10120 SE 260th ST #110
Kent, WA 98030
TAJ GOLD & DIAMOND JEWELERS
253-236-2757
25619 104th Ave SE
Kent, WA 98030

# ਚੀਨ ਨੇ ਫਿਰ ਅਰੁਣਾਚਲ ਪ੍ਰਦੇਸ਼ ਅਧਿਕਾਰ ਜਿਤਾਇਆ

## ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ:ਵਿਦੇਸ਼ ਮੰਤਰਾਲਾ

ਬੀਜਿੰਗ: ਚੀਨ ਨੇ ਇਕ ਵਾਰੀ ਫਿਰ ਅਰੁਣਾਚਲ ਪ੍ਰਦੇਸ਼ ਨੂੰ ਅਪਣਾ ਹਿੱਸਾ ਦਸਿਆ ਹੈ। ਮੰਗਲਵਾਰ ਨੂੰ ਚੀਨ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਓ ਨਿੰਗ ਨੇ ਦਾਅਵਾ ਕੀਤਾ ਕਿ ਅਰੁਣਾਚਲ ਪ੍ਰਦੇਸ਼ ਉਤੇ ਚੀਨ ਦਾ ਅਧਿਕਾਰ ਹੈ। ਉਨ੍ਹਾਂ ਕਿਹਾ, ‘‘ਜ਼ਾਂਗਨਾਨ (ਚੀਨ ਦੀ ਭਾਸ਼ਾ ਵਿਚ ਅਰੁਣਾਚਲ ਪ੍ਰਦੇਸ਼ ਦਾ ਨਾਂ) ਚੀਨ ਦਾ ਇਲਾਕਾ ਹੈ। ਚੀਨ ਨੇ ਕਦੇ ਕਥਿਤ ਅਰੁਣਾਚਲ ਪ੍ਰਦੇਸ਼ ਨੂੰ ਮਾਨਤਾ ਨਹੀਂ ਦਿਤੀ ਜਿਸ ਉਤੇ ਭਾਰਤ ਨੇ ਗ਼ੈਰਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ।’’ਇਹ ਦਾਅਵਾ ਉਨ੍ਹਾਂ ਇਕ ਭਾਰਤੀ ਔਰਤ ਵਲੋਂ ਸ਼ੰਘਾਈ ਹਵਾਈ ਅੱਡੇ ਹਿਰਾਸਤ ਵਿਚ ਰੱਖੇ ਜਾਣ ਦੇ ਦੋਸ਼ਾਂ ਦੇ ਸਵਾਲ ਉਤੇ ਜਵਾਬ ਦਿੰਦਿਆਂ ਕੀਤਾ। ਉਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਕਿ ਅਰੁਣਾਚਲ ਪ੍ਰਦੇਸ਼ ਦੀ ਇਕ ਭਾਰਤੀ ਔਰਤ ਨੂੰ ਸ਼ੰਘਾਈ ਹਵਾਈ ਅੱਡੇ ਉਤੇ ਤੰਗ-ਪ੍ਰੇਸ਼ਾਨ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਚੀਨ ਦੇ ਅਧਿਕਾਰੀਆਂ ਵਲੋਂ ਕੀਤੀ ਕਾਰਵਾਈ ਕਾਨੂੰਨ ਅਤੇ ਨਿਯਮਾਂ ਹੇਠ ਹੀ ਸੀ। ਨਿੰਗ ਨੇ ਇਹ ਵੀ ਕਿਹਾ ਕਿ ਔਰਤ ਵਲੋਂ ਲਾਏ ਦੋਸ਼ ਅਨੁਸਾਰ ਉਸ ਨੂੰ ਹਿਰਾਸਤ ’ਚ ਨਹੀਂ ਲਿਆ ਗਿਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਉਸ ਨੂੰ ਏਅਰਲਾਈਨ ਨੇ ਆਰਾਮ ਕਰਨ ਅਤੇ ਖਾਣ-ਪੀਣ ਲਈ ਥਾਂ ਵੀ ਮੁਹਈਆ ਕਰਵਾਈ ਸੀ। ਜ਼ਿਕਰਯੋਗ ਹੈ ਕਿ ਚੀਨ ਨੇ ਕਦੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦੇ ਸੂਬੇ ਵਜੋਂ ਮਾਨਤਾ ਨਹੀਂ ਦਿਤੀ ਹੈ। ਉਹ ਅਰੁਣਾਚਲ ਨੂੰ ਦਖਣੀ ਤਿੱਬਤ ਦਾ ਹਿੱਸਾ ਦਸਦਾ ਹੈ। ਉਸ ਦਾ ਦੋਸ਼ ਹੈ ਕਿ ਭਾਰਤ ਨੇ ਉਸ ਦੇ ਦੇਸ਼ ਦੇ ਹਿੱਸੇ ਉਤੇ ਕਬਜ਼ਾ ਕਰ ਕੇ ਉਸ ਨੂੰ ਅਰੁਣਾਚਲ ਪ੍ਰਦੇਸ਼ ਬਣਾ ਦਿਤਾ। ਭਾਰਤ ਨੇ ਸ਼ੰਘਾਈ ਹਵਾਈ ਅੱਡੇ ’ਤੇ ਅਰੁਣਾਚਲ ਪ੍ਰਦੇਸ਼ ਦੇ ਇੱਕ ਭਾਰਤੀ ਮੁਟਿਆਰ ਨੂੰ ਹਿਰਾਸਤ ਵਿੱਚ ਲਏ ਜਾਣ ’ਤੇ ਚੀਨ ਦੇ ਜਵਾਬ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ ਹੈ।’ ਉਨ੍ਹਾਂ ਕਿਹਾ ਕਿ ਚੀਨ ਲੱਖ ਵਾਰ ਇਨਕਾਰ ਕਰ ਦੇਵੇ ਪਰ ਅਰੁਣਾਚਲ ਪ੍ਰਦੇਸ਼ ਹਮੇਸ਼ਾ ਭਾਰਤ ਦਾ ਹਿੱਸਾ ਰਹੇਗਾ ਤੇ ਉਨ੍ਹਾਂ ਦਾ ਬਿਆਨ ਇਸ ਨਿਰਵਿਵਾਦ ਹਕੀਕਤ ਨੂੰ ਨਹੀਂ ਬਦਲੇਗਾ।

## ਜੱਗੀ ਜੌਹਲ ਦੀ ਰਿਹਾਈ ਲਈ ਯੂ ਕੇ ਸਰਕਾਰ ਉੱਪਰ ਜਨਤਕ ਦਬਾਅ ਵਧਾਉਣ ਦੀ ਅਪੀਲ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਫੈਡਰੇਸ਼ਨ (ਯੂ.ਕੇ.) ਵੱਲੋਂ ਸੰਸਦ ਮੈਂਬਰਾਂ ਨੂੰ ਵਿਦੇਸ਼ ਸਕੱਤਰ, ਯਵੇਟ ਕੂਪਰ ‘ਤੇ ਦਬਾਅ ਪਾਉਣ ਲਈ ਮੁਹਿੰਮ ਸ਼ੁਰੂ ਕਰਨ ਦੇ ਪਹਿਲੇ 24 ਘੰਟਿਆਂ ਵਿੱਚ 100ਤੋਂ ਵੱਧ ਸੰਸਦ ਮੈਂਬਰਾਂ ਨੂੰ ਸੈਂਕੜੇ ਪੱਤਰ ਮਿਲੇ ਹਨ ਤਾਂ ਜੋ ਬ੍ਰਿਟਿਸ਼ ਨਾਗਰਿਕ, ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਸੁਰੱਖਿਅਤ ਕਰਨ ਲਈ ਉਨ੍ਹਾਂ ਦੀਆਂ ਕਾਰਵਾਈਆਂ ਦੀ ਵਿਆਖਿਆ ਕੀਤੀ ਜਾ ਸਕੇ। ਪੱਤਰ ਸੰਸਦ ਮੈਂਬਰਾਂ ਨੂੰ ਯਾਦ ਦਿਵਾਉਂਦਾ ਹੈ ਕਿ ਵਿਰੋਧੀ ਧਿਰ ਵਿੱਚ ਲੇਬਰ ਲੀਡਰ ਵਜੋਂ ਕੀਰ ਸਟਾਰਮਰ ਅਤੇ ਸ਼ੈਡੋ ਵਿਦੇਸ਼ ਸਕੱਤਰ ਵਜੋਂ ਡੇਵਿਡ ਲੈਮੀ ਨੇ ਸਵੀਕਾਰ ਕੀਤਾ ਸੀ ਕਿ ਜਗਤਾਰ 4 ਨਵੰਬਰ 2017 ਤੋਂ ਇੱਕ ਭਾਰਤੀ ਜੇਲ੍ਹ ਵਿੱਚ ਮਨਮਾਨੀ ਨਜ਼ਰਬੰਦੀ ਵਿੱਚ ਸੀ। ਸੰਸਦ ਮੈਂਬਰਾਂ ਨੂੰ ਲਿਖੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਲੇਬਰ ਪਾਰਟੀ ਹੁਣ ੫੦੦ ਦਿਨਾਂ ਤੋਂ ਵੱਧ ਸਮੇਂ ਤੋਂ ਸੱਤਾ ਵਿੱਚ ਹੈ ਅਤੇ ਜਗਤਾਰ ਨੂੰ ਅੱਠ ਸਾਲਾਂ ਤੋਂ ਵੱਧ ਸਮੇਂ ਤੋਂ ਇੱਕ ਭਾਰਤੀ ਜੇਲ੍ਹ ਵਿੱਚ ਮਨਮਾਨੀ ਨਜ਼ਰਬੰਦੀ ਹੇਠ ਰੱਖਿਆ ਗਿਆ ਹੈ। ਜਦੋਂ ਕਿ ਪ੍ਰਧਾਨ ਮੰਤਰੀ ਅਤੇ ਵਿਦੇਸ਼ ਸਕੱਤਰ ਨੇ ਵਾਰ-ਵਾਰ ਕਿਹਾ ਹੈ ਕਿ ਉਹ ਜਗਤਾਰ ਸਿੰਘ ਜੌਹਲ ਦੇ ਮਾਮਲੇ ਨੂੰ ਆਪਣੇ ਭਾਰਤੀ ਹਮਰੁਤਬਾ ਹਲਕੇ ਨਾਲ ਉਠਾਉਂਦੇ ਰਹਿੰਦੇ ਹਨ, ਜੋ ਆਪਣੇ ਸੰਸਦ ਮੈਂਬਰਾਂ ਰਾਹੀਂ ਯਵੇਟ ਕੂਪਰ ਤੋਂ ਜਵਾਬ ਮੰਗ ਰਹੇ ਹਨ।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care

New & Emergency Patients Welcome

-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA


Prices Effective From 30th Oct 2025
PUNJAB GROCERY BAZAAR
PUNJAB GROCERY BAZAAR
OLD KK MARKET
Get SPECIAL DISCOUNT
Happy Gurupurab
BITTER GOURD $2.49 LBS
LENTILS Flat 10% Off
INDIAN CARROTS $4.49 LBS
Lady Finger $3.49 LBS
ROASTED BARFI $9.99 LBS
TOMATO $0.99 LBS
MUSTARD OIL $19.99 5 Litre
INDIAN CROCKERY Get 10% Discount
Desi Gud $ 1.99 LBS
FRESH VEGGIE CANADIAN COOKIES $8.99
YOU CAN TEST BEFORE BUYING
DESI SAKKAR $3.99 2 LBS
HOT TEA AVAILABLE
+1 253-854-5236
23805, 104th Ave SE, Kent, WA 98031, United States

# ਕੈਨੇਡਾ ’ਚ 10 ਜੀਆਂ ਵਾਲੇ ਪੰਜਾਬੀ ਪਰਿਵਾਰ ’ਤੇ ਡਿੱਗਿਆ ਕਹਿਰ

ਬਰੈਂਪਟਨ : ਕੈਨੇਡਾ ਵਿਚ ਤਬਾਹਕੁੰਨ ਅੱਗ ਲੱਗਣ ਕਾਰਨ ਖੇਰੂੰ-ਖੇਰੂੰ ਹੋਏ 10 ਜੀਆਂ ਵਾਲੇ ਪੰਜਾਬੀ ਪਰਵਾਰ ਦੀ ਸ਼ਨਾਖਤ ਹੋ ਗਈ ਹੈ ਜਿਨ੍ਹਾਂ ਵਿਚੋਂ ਪੰਜ ਜਣੇ ਇਸ ਦੁਨੀਆਂ ਵਿਚ ਨਹੀਂ ਰਹੇ ਅਤੇ ਚਾਰ ਹੋਰ ਹਸਪਤਾਲ ਵਿਚ ਜ਼ਿੰਦਗੀ ਲਈ ਜੂਝ ਰਹੇ ਹਨ। ਬਰੈਂਪਟਨ ਦੇ ਮੰਦਭਾਗੇ ਮਕਾਨ ਵਿਚ ਰਹਿੰਦੇ ਜਗਰਾਜ ਸਿੰਘ ਨੇ ਦੱਸਿਆ ਕਿ ਉਸ ਦੀ ਸੱਸ ਤੋਂ ਇਲਾਵਾ 29 ਸਾਲ ਦੀ ਸਿਸਟਰ ਇਨ ਲਾਅ ਗੁਰਜੀਤ ਕੌਰ, ਗੁਰਜੀਤ ਕੌਰ ਦਾ 2 ਸਾਲਾ ਬੱਚਾ, ਉਸ ਦੀ ਪਤਨੀ ਅਰਸ਼ਵੀਰ ਕੌਰ ਦੀ 27 ਸਾਲਾ ਕਜ਼ਨ ਅਨੂ ਅਤੇ ਅਰਸ਼ਵੀਰ ਕੌਰ ਦੀ ਕੁੱਖ ਵਿਚ ਪਲ ਰਿਹਾ ਬੱਚਾ ਇਸ ਦੁਨੀਆਂ ਵਿਚ ਨਹੀਂ ਰਹੇ। ਜਗਰਾਜ ਸਿੰਘ ਮੁਤਾਬਕ ਉਹ ਕੰਮ ’ਤੇ ਗਿਆ ਹੋਇਆ ਸੀ ਜਦੋਂ ਘਰ ਨੂੰ ਅੱਗ ਲੱਗੀ ਅਤੇ ਸਾਰੀਆਂ ਨਿਜੀ ਚੀਜ਼ਾਂ ਜਿਨ੍ਹਾਂ ਵਿਚ ਕੱਪੜੇ, ਪਾਸਪੋਰਟ, ਬੀਮਾ ਦਸਤਾਵੇਜ਼ ਅਤੇ ਹੋਰ ਜ਼ਰੂਰੀ ਕਾਗਜ਼ਾਤ ਸੜ ਕੇ ਸੁਆਹ ਹੋ ਗਏ।ਦੂਜੇ ਪਾਸੇ ਜਗਰਾਜ ਸਿੰਘ ਦੀ ਪਤਨੀ ਅਰਸ਼ਵੀਰ ਕੌਰ, ਪੰਜ ਸਾਲ ਦਾ ਬੇਟਾ, ਬ੍ਰਦਰ ਇਨ ਲਾਅ ਅੰਮ੍ਰਿਤਵੀਰ ਸਿੰਘ ਅਤੇ ਅੰਮ੍ਰਿਤਵੀਰ ਸਿੰਘ ਦਾ ਬ੍ਰਦਰ ਇਨ ਲਾਅ ਹਸਪਤਾਲ ਵਿਚ ਜ਼ੇਰੇ ਇਲਾਜ ਹਨ ਜਿਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਉਧਰ ਸੀ.ਟੀ.ਵੀ. ਦੀ ਰਿਪੋਰਟ ਮੁਤਾਬਕ ਘਰ ਵਿਚ ਦੋ ਕਿਰਾਏਦਾਰ ਵੀ ਮੌਜੂਦ ਸਨ ਜੋ ਸੁਰੱਖਿਅਤ ਬਾਹਰ ਨਿਕਲਣ ਵਿਚ ਸਫ਼ਲ ਹੋ ਗਏ। ਪੀਲ ਰੀਜਨਲ ਪੁਲਿਸ ਮੁਤਾਬਕ ਪਰਵਾਰ ਦੇ ਚਾਰ ਜੀਆਂ ਨੇ ਦੂਜੀ ਮੰਜ਼ਿਲ ਤੋਂ ਛਾਲਾਂ ਮਾਰੀਆਂ ਅਤੇ ਗੰਭੀਰ ਜ਼ਖਮੀ ਹੋ ਗਏ। ਹਾਲਾਂਕਿ ਪੁਲਿਸ ਵੱਲੋਂ ਦੋ ਸਾਲਾ ਬੱਚੇ ਸਣੇ ਦੋ ਜਣੇ ਲਾਪਤਾ ਮੰਨੇ ਜਾ ਰਹੇ ਹਨ ਪਰ ਜਗਰਾਜ ਸਿੰਘ ਵੱਲੋਂ ਆਰਥਿਕ ਸਹਾਇਤਾ ਲਈ ਕਾਇਮ ਗੋਫੰਡਮੀ ਪੇਜ ਰਾਹੀਂ ਸਪੱਸ਼ਟ ਹੋ ਗਿਆ ਕਿ ਦੋਵੇਂ ਜਣੇ ਇਸ ਦੁਨੀਆਂ ਵਿਚ ਨਹੀਂ। ਇਸ ਤਰਾਸਦੀ ਦੌਰਾਨ ਆਪਣੇ ਪਰਵਾਰ ਵਿਚੋਂ ਸਿਰਫ਼ ਜਗਰਾਜ ਸਿੰਘ ਹੀ ਸੱਟ-ਫ਼ੇਟ ਤੋਂ ਬਚ ਸਕਿਆ ਜਿਸ ਦਾ ਕਹਿਣਾ ਹੈ ਕਿ ਦੇਹਾਂ ਨੂੰ ਪੰਜਾਬ ਭੇਜਣ ਦੇ ਯਤਨ ਕੀਤੇ ਜਾ ਰਹੇ ਹਨ ਤਾਂਕਿ ਧਾਰਮਿਕ ਰਸਮਾਂ ਮੁਤਾਬਕ ਅੰਤਮ ਸਸਕਾਰ ਕੀਤਾ ਜਾ ਸਕੇ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ
ਨਗ ਸਰਟੀਫਾਈਡ
ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA
www.vijayjewellersseattle.com vijayjewellersinc@gmail.com

## ਕੈਨੇਡਾ ਦੇ ਕਿਊਬੈਕ ਸੂਬੇ ਵਿਚ ਸਿੱਖਾਂ ਨਾਲ ਮੁੜ ਧੱਕੇਸ਼ਾਹੀ

ਕਿਊਬੈਕ ਸਿਟੀ : ਕੈਨੇਡਾ ਦੇ ਕਿਊਬੈਕ ਸੂਬੇ ਵਿਚ ਹੁਣ ਦਸਤਾਰਧਾਰੀ ਵਿਦਿਆਰਥੀ ਨਜ਼ਰ ਨਹੀਂ ਆਉਣਗੇ ਅਤੇ ਸਿੱਖਾਂ ਵਾਸਤੇ ਵੱਡਾ ਧਾਰਮਿਕ ਸੰਕਟ ਪੈਦਾ ਹੋ ਗਿਆ ਹੈ।ਸੂਬਾ ਸਰਕਾਰ ਵੱਲੋਂ ਸਿੱਖਾਂ ਅਤੇ ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਮਕਸਦ ਤਹਿਤ ਯੂਨੀਵਰਸਿਟੀਆਂ ਸਣੇ ਹੋਰਨਾਂ ਸਰਕਾਰੀ ਵਿਦਿਅਕ ਸੰਸਥਾਵਾਂ ਵਿਚ ਧਾਰਮਿਕ ਪਛਾਣ ਵਾਲੇ ਚਿੰਨ੍ਹ ਧਾਰਨ ਕਰਨ ’ਤੇ ਪਾਬੰਦੀ ਲਾਗੂ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਮੁਸਲਮਾਨ ਵਿਦਿਆਰਥੀ ਯੂਨੀਵਰਸਿਟੀ ਕੰਪਲੈਕਸ ਵਿਚ ਨਮਾਜ਼ ਅਦਾ ਵੀ ਨਹੀਂ ਕਰ ਸਕਣਗੇ। ਕਿਊਬੈਕ ਸਿਟੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਰਮ ਨਿਰਪੱਖਤਾ ਮਾਮਲਿਆਂ ਬਾਰੇ ਮੰਤਰੀ ਸ਼ੌਨ ਫਰਾਂਸਵਾ ਰੌਬਰਜ ਨੇ ਕਿਹਾ ਕਿ 2019 ਵਿਚ ਬਿਲ 21 ਪਾਸ ਹੋਣ ਮਗਰੋਂ ਕਈ ਹੋਰ ਸੁਧਾਰਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ ਜਿਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਨਵਾਂ ਬਿਲ ਸੂਬਾ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾ ਰਿਹਾ ਹੈ।

## ਕੈਨੇਡੀਅਨ ਲੋਕਾਂ ਦੀ ਸੁਰੱਖਿਆ ਨੂੰ ਹਮੇਸ਼ਾਂ ਮੁੱਖ ਤਰਜੀਹ:ਆਨੰਦ



ਔਟਵਾ:ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਵੱਲੋਂ ਹਰਦੀਪ ਸਿੰਘ ਨਿੱਜਰ ਕਤਲਕਾਂਡ ਨਾਲ ਸਬੰਧਤ ਦੋਸ਼ਾਂ ਨੂੰ ਬੇਤੁਕਾ ਕਰਾਰ ਦਿਤੇ ਜਾਣ ਮਗਰੋਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਹੈ ਕਿ ਭਾਰਤ ਨਾਲ ਕਾਰੋਬਾਰੀ ਰਿਸ਼ਤੇ ਮਜ਼ਬੂਤ ਕਰਦਿਆਂ ਲੋਕ ਸੁਰੱਖਿਆ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਉਨ੍ਹਾਂ ਕਿਹਾ ਕਿ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਅਤੇ ਵਿਦੇਸ਼ੀ ਦਖਲ ਵਰਗੇ ਅਹਿਮ ਮਸਲੇ ਹਮੇਸ਼ਾਂ ਤਰਜੀਹੀ ਆਧਾਰ ’ਤੇ ਨਜਿੱਠੇ ਜਾਂਦੇ ਹਨ। ਦੱਸ ਦੇਈਏ ਕਿ ਸੀ.ਬੀ.ਸੀ. ਨਾਲ ਇਕ ਇੰਟਰਵਿਊ ਦੌਰਾਨ ਹੀ ਭਾਰਤ ਦੇ ਹਾਈ ਕਮਿਸ਼ਨਰ ਨੇ ਜ਼ੋਰ ਦੇ ਕੇ ਆਖਿਆ ਕਿ ਜਸਟਿਨ ਟਰੂਡੋ ਦੀ ਸਰਕਾਰ ਵੱਲੋਂ ਲਾਏ ਦੋਸ਼ ਸਰਾਸਰ ਬੇਤੁਕੇ ਸਨ।ਭਾਰਤ ਸਰਕਾਰ ਕਦੇ ਵੀ ਅਜਿਹੀਆਂ ਸਰਗਰਮੀਆਂ ਵਿਚ ਸ਼ਾਮਲ ਨਹੀਂ ਹੁੰਦੀ।

## ਖੂਬਸੂਰਤ ਅਦਾਕਾਰ ਤੁਰ ਗਿਆ



ਮੁੰਬਈ:ਮਸ਼ਹੂਰ ਅਦਾਕਾਰ ਧਰਮਿੰਦਰ (89) ਦਾ ਲੰਬੀ ਬਿਮਾਰੀ ਮਗਰੋਂ ਸੋਮਵਾਰ ਦੁਪਹਿਰ ਦੇਹਾਂਤ ਹੋ ਗਿਆ।ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਹੈੱਡ ਮਾਸਟਰ ਕੇਵਲ ਕਿਸ਼ਨ ਦਿਓਲ ਦੇ ਘਰ ਹੋਇਆ ਸੀ।ਉਨ੍ਹਾਂ 1958 ਵਿੱਚ ‘ਫਿਲਮਫੇਅਰ’ ਮੈਗਜ਼ੀਨ ਦਾ ‘ਟੈਲੰਟ ਹੰਟ’ ਮੁਕਾਬਲਾ ਜਿੱਤਿਆ, ਜਿਸ ਨੇ ਉਨ੍ਹਾ ਲਈ ਬਾਲੀਵੁੱਡ ਦੇ ਦਰਵਾਜ਼ੇ ਖੋਲ੍ਹ ਦਿੱਤੇ। ਉਨ੍ਹਾ ਫਿਲਮੀ ਕਰੀਅਰ ਦੀ ਸ਼ੁਰੂਆਤ 1960 ਵਿੱਚ ‘ਦਿਲ ਭੀ ਤੇਰਾ ਹਮ ਭੀ ਤੇਰੇ’ ਨਾਲ ਕੀਤੀ ਸੀ। ਉਨ੍ਹਾ ਦੀ ਪਛਾਣ 1966 ਵਿੱਚ ਆਈ ‘ਫੂਲ ਔਰ ਪੱਥਰ’ ਨਾਲ ਬਣੀ। ਉਨ੍ਹਾ 1970 ਅਤੇ 1980 ਦੇ ਦਹਾਕੇ ਵਿੱਚ ਬਾਲੀਵੁੱਡ ਉੱਤੇ ਰਾਜ ਕੀਤਾ। ਉਨ੍ਹਾ 300 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ, ਜਿਨ੍ਹਾਂ ਵਿੱਚ ਪੰਜਾਬੀ ਫਿਲਮਾਂ ਵੀ ਸਨ। ਉਨ੍ਹਾ ਨੂੰ ਸਰਕਾਰ ਨੇ 2012 ਵਿੱਚ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਸੀ। ਉਹ ਭਾਜਪਾ ਦੇ ਮੈਂਬਰ ਵਜੋਂ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ 14ਵੀਂ ਲੋਕ ਸਭਾ (2004-2009) ਦੇ ਮੈਂਬਰ ਰਹੇ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

## ਮੈਕਸੀਕੋ ਦੀ ਮੁਟਿਆਰ ਬਣੀ ਮਿਸ ਯੂਨੀਵਰਸ



ਬੈਂਕਾਕ:ਮਿਸ ਯੂਨੀਵਰਸ 2025 ਦਾ 74ਵਾਂ ਖਿਤਾਬ ਮੈਕਸੀਕੋ ਦੀ ਫਾਤਿਮਾ ਬੋਸ਼ ਫਰਨਾਂਡੇਜ਼ ਵਿਲਾਹਰਮੋਸਾ ਸਿਰ ਸਜਿਆ।ਮਿਸ ਥਾਈਲੈਂਡ ਨੂੰ ਪਹਿਲੀ ਰਨਰ-ਅੱਪ ਐਲਾਨਿਆ ਗਿਆ, ਜਦੋਂ ਕਿ ਮਿਸ ਵੈਨੇਜ਼ੁਏਲਾ ਨੇ ਦੂਜੀ ਰਨਰ-ਅੱਪ ਪੁਜ਼ੀਸ਼ਨ ਪ੍ਰਾਪਤ ਕੀਤੀ। ਮਿਸ ਫਿਲਪੀਨਜ਼ ਅਤੇ ਮਿਸ ਕੋਟ ਡਿਵੁਆਰ ਨੂੰ ਕ੍ਰਮਵਾਰ ਤੀਜੀ ਅਤੇ ਚੌਥੀ ਰਨਰ-ਅੱਪ ਐਲਾਨਿਆ ਗਿਆ। ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਮਿਸ ਇੰਡੀਆ ਮਨਿਕਾ ਵਿਸ਼ਵਕਰਮਾ ਆਖਰੀ 12 ਵਿੱਚ ਵੀ ਥਾਂ ਬਣਾਉਣ ’ਚ ਨਾਕਾਮ ਰਹੀ। ਮਿਸ ਯੂਨੀਵਰਸ ਦੇ ਫਿਨਾਲੇ ਲਈ ਜੱਜਾਂ ਦੇ ਪੈਨਲ ਵਿਚ ਭਾਰਤ ਦੀ ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਵੀ ਸ਼ਾਮਲ ਸੀ। ਮਿਸ ਮੈਕਸੀਕੋ ਤੋਂ 2025 ਵਿੱਚ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਪੁੱਛਿਆ ਗਿਆ, ਜਿਸ ਦੇ ਜਵਾਬ ਵਿੱਚ ਉਸ ਨੇ ਕਿਹਾ ਕਿ ਉਹ ਆਪਣੀ ਆਵਾਜ਼ ਦੀ ਵਰਤੋਂ ਦੂਜਿਆਂ ਦੀ ਸੇਵਾ ਅਤੇ ਤਰੱਕੀ ਲਈ ਕਰੇਗੀ।

## ਭਾਰਤ ਵਿਚ ਬਾਕੀ ਬਚੇ 5,800 ਯਹੂਦੀਆਂ ਨੂੰ ਇਜ਼ਰਾਈਲ ਲਿਆਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ



ਯੇਰੂਸ਼ਲਮ: ਇਜ਼ਰਾਈਲ ਸਰਕਾਰ ਨੇ ਭਾਰਤ ਦੇ ਉੱਤਰ-ਪੂਰਬੀ ਖੇਤਰ ਤੋਂ ਬਾਕੀ ਬਚੇ 5,800 ਯਹੂਦੀਆਂ ਨੂੰ ਅਗਲੇ ਪੰਜ ਸਾਲਾਂ ’ਚ ਵਾਪਸ ਲਿਆਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿਤੀ ਹੈ।ਇਜ਼ਰਾਈਲ ਲਈ ਯਹੂਦੀ ਏਜੰਸੀ ਨੇ ਕਿਹਾ ਕਿ ਇਜ਼ਰਾਈਲ ਸਰਕਾਰ ਨੇ ਐਤਵਾਰ ਨੂੰ ਉੱਤਰ-ਪੂਰਬੀ ਭਾਰਤ ਤੋਂ ਬਨੇਈ ਮੇਨਾਸ਼ੇ ਭਾਈਚਾਰੇ ਦੇ ਅਲੀਯਾਹ (ਆਵਾਸ) ਨੂੰ ਪੂਰਾ ਕਰਨ ਲਈ ਇਕ ‘ਮਹੱਤਵਪੂਰਨ, ਵਿਆਪਕ ਪਹਿਲ’ ਨੂੰ ਮਨਜ਼ੂਰੀ ਦੇ ਦਿਤੀ ਹੈ। ਇਸ ਨੇ ਕਿਹਾ, ‘‘ਇਹ ਇਤਿਹਾਸਕ ਫੈਸਲਾ 2030 ਤਕ ਭਾਈਚਾਰੇ ਦੇ ਲਗਭਗ 5,800 ਮੈਂਬਰਾਂ ਨੂੰ ਇਜ਼ਰਾਈਲ ਲਿਆਏਗਾ, ਜਿਸ ਵਿਚ 2026 ਵਿਚ ਪਹਿਲਾਂ ਹੀ ਮਨਜ਼ੂਰ ਕੀਤੇ ਗਏ 1,200 ਯਹੂਦੀ ਸ਼ਾਮਲ ਹਨ।’’

## ਸ੍ਰੀ ਅਨੰਦਪੁਰ ਸਾਹਿਬ ਵਿੱਚ ਬਣੇਗੀ ਗੁਰੂ ਤੇਗ ਬਹਾਦਰ ਜੀ ਦੇ ਨਾਂ ‘ਤੇ ਯੂਨੀਵਰਸਿਟੀ

ਅਨੰਦਪੁਰ:-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਇੱਕ ਵਿਸ਼ਵ ਪੱਧਰੀ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਸਦਾ ਨਾਮ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ‘ਤੇ ਰੱਖਿਆ ਗਿਆ ਹੈ। ਉਨ੍ਹਾਂ ਨੇ ਮੰਗਲਵਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਧਰਤੀ, ਪਵਿੱਤਰ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਤੋਂ ਇਹ ਮਹੱਤਵਪੂਰਨ ਐਲਾਨ ਕੀਤਾ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਹ ਗੁਰੂ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਦਾ ਇੱਕ ਛੋਟਾ ਜਿਹਾ ਉਪਰਾਲਾ ਹੈ। ਇਸ ਦੌਰਾਨ, ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, “ਅਸੀਂ 350 ਸਾਲ ਪਹਿਲਾਂ ਹੋਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਇਕੱਠੇ ਹੋਏ ਹਾਂ। ਪੰਜਾਬ ਸਰਕਾਰ ਪਿਛਲੇ ਕਈ ਮਹੀਨਿਆਂ ਤੋਂ ਇਸ ਪਵਿੱਤਰ ਮੌਕੇ ਨੂੰ ਇਤਿਹਾਸਕ ਬਣਾਉਣ ਲਈ ਕੰਮ ਕਰ ਰਹੀ ਹੈ। ਪੂਰੇ ਆਨੰਦਪੁਰ ਸਾਹਿਬ ਨੂੰ ਸਾਫ਼ ਕੀਤਾ ਗਿਆ ਹੈ।ਡਰੋਨ ਸ਼ੋਅ ਅਤੇ ਨਗਰ ਕੀਰਤਨ ਆਯੋਜਿਤ ਕੀਤੇ ਗਏ ਹਨ; ਕਈ ਪ੍ਰਬੰਧ ਕੀਤੇ ਗਏ ਹਨ।ਪਰ ਤੁਸੀਂ ਕਿੰਨੇ ਵੀ ਪ੍ਰਬੰਧ ਕਰੋ, ਕੁਝ ਨਾ ਕੁਝ ਕਮੀ ਜ਼ਰੂਰ ਹੋਵੇਗੀ। ਜੇਕਰ ਕੁਝ ਰਹਿ ਗਿਆ ਹੈ, ਤਾਂ ਮੈਂ ਮੁਆਫ਼ੀ ਮੰਗਦਾ ਹਾਂ।ਪੰਜਾਬ ਸਰਕਾਰ ਵੱਲੋਂ, ਮਾਨ ਸਾਹਿਬ ਵੱਲੋਂ ਅਤੇ ਮੇਰੇ ਸਾਰੇ ਮੰਤਰੀਆਂ ਵੱਲੋਂ, ਜੇਕਰ ਕੁਝ ਰਹਿ ਗਿਆ ਹੈ ਤਾਂ ਅਸੀਂ ਮੁਆਫ਼ੀ ਮੰਗਦੇ ਹਾਂ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com


ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼
ਬ੍ਰਾਂਚ ਦਮਦਮੀ ਟਕਸਾਲ (ਜੱਥਾ ਭਿੰਡਰਾਂ ਮਹਿਤਾ)
777 W Smith Rd, Bellingham WA, 98226 United States
BELLINGHAM, USA
350 ਸਾਲਾ
ਸ਼ਹੀਦੀ ਸ਼ਤਾਬਦੀ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
Sri Guru Teg Bhadur Sahib ji
ਸ੍ਰੀ ਅਖੰਡ ਪਾਠ ਸਾਹਿਬ ਜੀ
···Program···
ਆਰੰਭਤਾ ਦੀ ਅਰਦਾਸ (Fri)
28 November, 2025 10 AM
ਮੱਧ ਦੀ ਅਰਦਾਸ (Sat)
29 November, 2025 9 am
BHOG
30
NOVEMBER
SUNDAY 10:00 am
After the Bhog Katha Kirtan
Will be Held.
ਕੀਰਤਨ ਦਰਬਾਰ
Saturday 5-10pm
Kirtan
Bibi Manpreet kaur (Nepal Wale)
ਸਨਿਮਰ ਬੇਨਤੀ
ਆਪ ਜੀ ਦੇ ਸਮੂਹ ਪਰਿਵਾਰ ਨੂੰ ਨਿਮਰਤਾ ਸਹਿਤ ਬੇਨਤੀ ਹੈ ਜੀ ।
ਇਹਨਾਂ ਮਹਾਨ ਗੁਰਮਤਿ ਸਮਾਗਮ ਵਿਚ ਤਨ ਮਨ ਧਨ ਦੁਆਰਾ
ਸੇਵਾਵਾਂ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।
ਵੱਲੋਂ : ਭਾਈ ਹਰਮੰਡਲ ਸਿੰਘ ਤੇ ਸਮੂਹ ਪਰਿਵਾਰ
Followed by Guru ka Langar
More info. 360 312 1190, 360 220 9877

# ਟਰੰਪ ਖਿਲਾਫ ਵਧਦਾ ਰੋਹ



ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿੱਚ ਐਤਵਾਰ ਦਾ ਮੁਜ਼ਾਹਰਾ ਇਸ ਸਾਲ ਦਾ ਸਭ ਤੋਂ ਵੱਡਾ ਟਰੰਪ ਵਿਰੋਧੀ ਮੁਜ਼ਾਹਰਾ ਹੋ ਨਿੱਬੜਿਆ। ਰਿਮੂਵਲ ਕੁਲੀਸ਼ਨ ਵੱਲੋਂ ਜਥੇਬੰਦ ਰਿਮੂਵ ਦੀ ਰਿਜੀਮ (ਸ਼ਾਸਨ ਹਟਾਓ) ਨਾਂਅ ਦੇ ਮੁਜ਼ਾਹਰੇ ਵਿੱਚ ਹਜ਼ਾਰਾਂ ਲੋਕਾਂ ਨੇ ਟਰੰਪ ਖਿਲਾਫ ਮਹਾਦੋਸ਼ ਚਲਾਉਣ, ਉਸ ਨੂੰ ਦੋਸ਼ੀ ਠਹਿਰਾਉਣ ਤੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ। ਰਾਸ਼ਟਰਪਤੀ ਵਜੋਂ ਟਰੰਪ ਦੀ ਦੂਜੀ ਪਾਰੀ ਦਾ ਅਜੇ ਇੱਕ ਸਾਲ ਪੂਰਾ ਨਹੀਂ ਹੋਇਆ, ਪਰ ਉਹ ਜਿਸ ਤਰ੍ਹਾਂ ਸ਼ਾਸਨ ਚਲਾ ਰਿਹਾ ਹੈ, ਲੋਕ ਉਸ ਤੋਂ ਅੱਕ ਗਏ ਹਨ। ਜਥੇਬੰਦਕਾਂ ਨੇ ਟਰੰਪ ਦੀਆਂ ਕਠੋਰ ਨੀਤੀਆਂ ਤੇ ਤਾਨਾਸ਼ਾਹ ਰੁਝਾਨ ਖਿਲਾਫ ਇਸ ਮੁਜ਼ਾਹਰੇ ਨੂੰ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਦਾ ਹਿੱਸਾ ਦੱਸਿਆ। ਮੁਜ਼ਾਹਰਾਕਾਰੀਆਂ ਨੇ ਝੰਡਿਆਂ ਨੂੰ ਪੁੱਠੇ ਲਟਕਾਅ ਕੇ ਦੇਸ਼ ਵਿੱਚ ਸੰਕਟ ਦੀ ਸਥਿਤੀ ਦਾ ਪ੍ਰਤੀਕਾਤਮਕ ਸੰਕੇਤ ਦਿੱਤਾ। ਡਰੰਮ ਵਜਾਉਦਿਆਂ ਨਾਅਰੇ ਲਾਏ : ਨਥਿੰਗ ਇਜ਼ ਮੋਰ ਪੈਟ੍ਰਿਆਟਿਕ ਦੈਨ ਪ੍ਰੋਟੈਸਟਿੰਗ (ਮੁਜ਼ਾਹਰਾ ਕਰਨ ਨਾਲੋਂ ਵੱਧ ਦੇਸ਼ਭਗਤੀ ਕੁਝ ਨਹੀਂ), ਰਜਿਸਟ ਫਾਸੀਜ਼ਮ (ਫਾਸ਼ੀਵਾਦ ਦੀ ਮੁਜ਼ਾਹਮਤ ਕਰੋ) ਅਤੇ ਹੇ, ਹੇ! ਹੋ, ਹੋ! ਡੋਨਾਲਡ ਟਰੰਪ ਹੈਜ਼ ਟੂ ਗੋ (ਡੋਨਾਲਡ ਟਰੰਪ ਨੂੰ ਜਾਣਾ ਹੋਵੇਗਾ!)। ਮੁਜ਼ਾਹਰਾਕਾਰੀਆਂ ਮੁਤਾਬਕ ਟਰੰਪ ਪ੍ਰਸ਼ਾਸਨ ਤੇਜ਼ੀ ਨਾਲ ਤਾਨਾਸ਼ਾਹੀ ਦੇ ਰਾਹ ’ਤੇ ਵਧ ਰਿਹਾ ਹੈ। ਟਰੰਪ ਲੋਕਤੰਤਰ ਨੂੰ ਕੁਚਲ ਰਿਹਾ ਹੈ। ਇਹ ਮੁਜ਼ਾਹਰਾ ਪਿਛਲੇ ਮਹੀਨੇ ਨੋ ਕਿੰਗਜ਼ (ਕੋਈ ਰਾਜਾ ਨਹੀਂ) ਅੰਦੋਲਨ ਦਾ ਅਗਲਾ ਪੜਾਅ ਸੀ, ਜਿਸ ਵਿੱਚ 50 ਰਾਜਾਂ ਵਿੱਚ 70 ਲੱਖ ਲੋਕਾਂ ਨੇ ਹਿੱਸਾ ਲਿਆ ਸੀ। ਜਨਵਰੀ ਵਿੱਚ ਪੀਪਲਜ਼ ਮਾਰਚ ’ਚ ਲੋਕਾਂ ਨੇ ਮਹਿਲਾਵਾਂ ਦੇ ਪ੍ਰਜਨਨ ਅਧਿਕਾਰਾਂ ਦੇ ਹੱਕ ਵਿੱਚ ਮੁਜ਼ਾਹਰੇ ਕੀਤੇ ਸਨ। ਫਰਵਰੀ ਵਿੱਚ ‘50-50-1’ ਨਾਂਅ ਹੇਠ 50 ਰਾਜਾਂ ਵਿੱਚ 50 ਪ੍ਰੋਟੈਸਟ ਹੋਏ। ਅਪ੍ਰੈਲ ਵਿੱਚ ‘ਹੈਂਡਸ ਆਫ’ ਰੈਲੀ ਕੀਤੀ ਗਈ।

ਅਗਸਤ ਵਿੱਚ ‘ਰੇਜ਼ ਅਗੇਂਸਟ ਦੀ ਰਿਜੀਮ’, ਸਤੰਬਰ ਵਿੱਚ ‘ਵੀ ਆਰ ਅਮੈਰਿਕਾ ਮਾਰਚ’ ਦੇ ਆਯੋਜਨ ਤੋਂ ਇਲਾਵਾ ਲੇਬਰ ਡੇਅ ’ਤੇ ‘ਵਰਕਰਜ਼ ਓਵਰ ਬਿਲਿਅਨੇਰਜ਼’ ਮੁਜ਼ਾਹਰੇ ਅਤੇ ਨਵੰਬਰ ਵਿੱਚ ਕੈਨੇਡਾ-ਮੈਕਸੀਕੋ ਨਾਲ ਵਪਾਰ ਯੁੱਧ ਦੇ ਖਿਲਾਫ ਬਾਈਕਾਟ ਹੋਏ। ਟਰੰਪ ਪ੍ਰਸ਼ਾਸਨ ਇਨ੍ਹਾਂ ਮੁਜ਼ਾਹਰਿਆਂ ਨੂੰ ਰੈਡੀਕਲ ਲੈੱਫਟ ਦੀ ਸਾਜ਼ਿਸ਼ ਦੱਸਦਾ ਹੈ, ਪਰ ਮੁਜ਼ਾਹਰਾਕਾਰੀ ਕਹਿ ਰਹੇ ਹਨ ਕਿ ਉਹ ਲੋਕਤੰਤਰ ਦੀ ਰਾਖੀ ਲਈ ਅੰਦੋਲਨ ਕਰ ਰਹੇ ਹਨ। ਰਿਮੂਵਲ ਕੁਲੀਸ਼ਨ ਨੇ ਐਲਾਨਿਆ ਹੈ ਕਿ ਅਮਰੀਕੀ ਕਾਂਗਰਸ ਤੋਂ ਟਰੰਪ ਖਿਲਾਫ ਕਾਰਵਾਈ ਕਰਵਾਉਣ ਲਈ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਵੱਡੇ ਮੁਜ਼ਾਹਰੇ ਕੀਤੇ ਜਾਣਗੇ। ਅਮਰੀਕੀਆਂ ਨੇ ਟਰੰਪ ਨੂੰ ਦੂਜੀ ਵਾਰ ਰਾਸ਼ਟਰਪਤੀ ਚੁਣ ਤਾਂ ਲਿਆ, ਪਰ ਉਸ ਨੇ ਆਉਂਦਿਆਂ ਹੀ ਜਿਸ ਤਰ੍ਹਾਂ ਦੀ ਗਤਕਾਬਾਜ਼ੀ ਸ਼ੁਰੂ ਕਰ ਦਿੱਤੀ, ਉਸ ਤੋਂ ਬਾਅਦ ਉਹ ਪਛਤਾ ਰਹੇ ਹਨ। ‘ਅਮਰੀਕਾ ਨੂੰ ਮੁੜ ਮਹਾਨ ਬਣਾਉਣ’ ਦੀ ਆਪਣੀ ਖਬਤ ਤਹਿਤ ਟਰੰਪ ਨੇ ਮਨਮਾਨੀਆਂ ਕਰਨੀਆਂ ਨਾ ਛੱਡੀਆਂ ਤਾਂ ਲੋਕਾਂ ਦਾ ਰੋਹ ਉਸ ਨੂੰ ਗੱਦੀ ਛੱਡਣ ਲਈ ਮਜਬੂਰ ਕਰ ਸਕਦਾ ਹੈ। ਟਰੰਪ ਅਮਰੀਕੀ ਸਨਅਤਾਂ ਨੂੰ ਤਕੜੀਆਂ ਕਰਕੇ ਰੁਜ਼ਗਾਰ ਦੇ ਮੌਕੇ ਵਧਾਉਣ ਦੇ ਨਾਂਅ ਹੇਠ ਦੂਜੇ ਦੇਸ਼ਾਂ ਦੇ ਮਾਲ ’ਤੇ ਭਾਰੀ ਟੈਰਿਫ ਲਾ ਕੇ ਅਮਰੀਕੀ ਖਜ਼ਾਨਾ ਭਰਨ ਦਾ ਦਾਅਵਾ ਕਰ ਰਿਹਾ ਹੈ, ਪਰ ਇਸ ਦਾ ਅਮਰੀਕੀਆਂ ਨੂੰ ਫਾਇਦਾ ਹੋਣ ਦੀ ਥਾਂ ਨੁਕਸਾਨ ਹੋ ਰਿਹਾ ਹੈ।

ਵਧੇ ਟੈਰਿਫ ਕਾਰਨ ਚੀਜ਼ਾਂ ਮਹਿੰਗੀਆਂ ਹੋਣ ਦੀ ਕੀਮਤ ਉਨ੍ਹਾਂ ਨੂੰ ਚੁਕਾਉਣੀ ਪੈ ਰਹੀ ਹੈ। ਗੈਰਕਾਨੂੰਨੀ ਦੱਸ ਕੇ ਪ੍ਰਵਾਸੀਆਂ ਨੂੰ ਕੱਢਣ ਦੀ ਨੀਤੀ ਦਾ ਉਥੋਂ ਦੇ ਸਨਅਤਕਾਰਾਂ ਨੂੰ ਨੁਕਸਾਨ ਉਠਾਉਣਾ ਪੈ ਰਿਹਾ ਹੈ, ਕਿਉਂਕਿ ਸਥਾਨਕ ਲੋਕਾਂ ਨੂੰ ਵੱਧ ਉਜਰਤ ਦੇਣੀ ਪੈ ਰਹੀ ਹੈ। ਇਹੀ ਕਾਰਨ ਹੈ ਕਿ ਲੋਕ ਹਰ ਮਹੀਨੇ ਵੱਡੇ-ਵੱਡੇ ਮੁਜ਼ਾਹਰੇ ਕਰ ਰਹੇ ਹਨ।

## ਹਾਈ ਪ੍ਰੋਫਾਈਲ ਕੌਮਾਂਤਰੀ ਡਰੱਗ ਤੇ ਗਵਾਹ ਦੀ ਹੱਤਿਆ ਦੇ ਮਾਮਲੇ ਵਿੱਚ ਪੰਜਾਬੀ ਸਮੇਤ 10 ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹਾਈ ਪ੍ਰੋਫਾਈਲ ਕੌਮਾਂਤਰੀ ਕੋਕੀਨ ਤਸਕਰੀ ਤੇ ਹੱਤਿਆ ਦੇ ਮਾਮਲੇ ਵਿੱਚ ਟਰਾਂਟੋ ਦੇ ਵਕੀਲ ਦੀਪਕ ਬਲਵੰਤ ਪਾਰਾਡਕਰ ਤੇ ਕਰਾਈਮ ਸਾਈਟ ਆਪਰੇਟਰ ਗੁਰਸੇਵਕ ਸਿੰਘ ਬੱਲ ਦੇ ਨਾਂ ਪ੍ਰਮੁੱਖ ਤੌਰ ‘ਤੇ ਸਾਹਮਣੇ ਆਏ ਹਨ। ਇਨਾਂ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਦਾਲਤ ਵਿੱਚ ਦਾਇਰ ਸੰਘੀ ਦੋਸ਼ ਪੱਤਰ ਅਨੁਸਾਰ ਇਨਾਂ ਦੋਨਾਂ ਨੇ ਕਈ ਟੱਨ ਕੋਕੀਨ ਕੋਲੰਬੀਆ ਤੋਂ ਮੈਕਸੀਕੋ ਰਾਹੀਂ ਅਮਰੀਕਾ ਤੇ ਕੈਨੇਡਾ ਵਿੱਚ ਭੇਜਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਇਨਾਂ ਨੇ ਡਰੱਗ ਮਾਮਲੇ ਵਿੱਚ ਇੱਕ ਪ੍ਰਮੁੱਖ ਸੰਘੀ ਗਵਾਹ ਦੀ ਹੱਤਿਆ ਕਰਨ ਵਿੱਚ ਮੱਦਦ ਕੀਤੀ। ਸਾਬਕਾ ਉਲੰਪਿਕ ਸਨੋਅਬੋਰਡਰ ਰਿਆਨ ਜੇਮਜ ਵੈਡਿੰਗ ਵੀ ਦੋਸ਼ੀ ਵਜੋਂ ਸ਼ਾਮਿਲ ਹੈ ਜੋ ਨੈੱਟਵਰਕ ਚਲਾਉਂਦਾ ਸੀ ਤੇ ਉਹ ਮੁੱਖ ਤੌਰ ‘ਤੇ ਪਾਰਾਡਕਰ ਤੇ ਬੱਲ ਵਰਗੇ ਲੋਕਾਂ ਵੱਲੋਂ ਕੀਤੀ ਗਈ ਸਹਾਇਤਾ ਉਪਰ ਨਿਰਭਰ ਸੀ। 62 ਸਾਲਾ ਪਾਰਾਡਕਰ ਇੱਕ ਪ੍ਰਸਿੱਧ ਕ੍ਰਿਮੀਨਲ ਵਕੀਲ ਹੈ ਜੋ ਟਰਾਂਟੋ ਦਾ ਵਸਨੀਕ ਹੈ। ਪਿਛਲੇ ਸਾਲ ਕੈਲੀਫੋਰਨੀਆ ਵਿੱਚ ਕੋਕੀਨ ਦੀ ਵੱਡੀ ਖੇਪ ਫੜੇ ਜਾਣ ਉਪਰੰਤ ਪਾਰਾਡਕਰ ਦਾ ਨਾਂ ਸਾਹਮਣੇ ਆਇਆ ਸੀ। ਉਸ ਨੇ ਪ੍ਰਮੁੱਖ ਗਵਾਹ ਨੂੰ ਮਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਨੇ ਵੈਡਿੰਗ ਨੂੰ ਸਲਾਹ ਦਿੱਤੀ ਕਿ ਜੇਕਰ ਪ੍ਰਮੁੱਖ ਗਵਾਹ ਨੂੰ ਮਾਰ ਦਿੱਤਾ ਜਾਵੇ ਤਾਂ ਡਰੱਗ ਮਾਮਲਾ ਕਮਜੋਰ ਹੋ ਜਾਵੇਗਾ। ਵਕੀਲਾਂ ਅਨੁਸਾਰ ਗੁਰਸੇਵਕ ਸਿੰਘ ਬੱਲ ਨੇ ਗਵਾਹ ਨੂੰ ਲੱਭਣ ਵਿੱਚ ਮੱਦਦ ਕੀਤੀ। ਉਸ ਨੇ ਆਪਣੀ ਵੈੱਬ ਸਾਈਟ ਉਪਰ ਗਵਾਹ ਦੀ ਤਸਵੀਰ ਪ੍ਰਕਾਸ਼ਿਤ ਕੀਤੀ ਜਿਸ ਦੇ ਬਦਲੇ ਵਿੱਚ ਪੈਸੇ ਲਏ। ਜਾਂਚਕਾਰਾਂ ਅਨੁਸਾਰ ਬੱਲ ਦੇ ਇਸ ਕਦਮ ਨੇ ਸਾਜਿਸ਼ ਵਿਚ ਅਹਿਮ ਭੂਮਿਕਾ ਨਿਭਾਈ। ਗਵਾਹ ਐਬੇਡੋ ਗਾਰਸੀਆ ਨੂੰ ਇਸ ਸਾਲ 31 ਜਨਵਰੀ ਨੂੰ ਇੱਕ ਮੈਡਲਿਨ ਦੇ ਰੈਸਟੋਰੈਂਟ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਬਾਅਦ ਵਿੱਚ ਉਸ ਦੀ ਲਾਸ਼ ਦੀਆਂ ਤਸਵੀਰਾਂ ਗਰੁੱਪ ਵਿੱਚ ਸਾਂਝੀਆਂ ਕੀਤੀਆਂ ਗਈਆਂ। ਸਮਝਿਆ ਜਾਂਦਾ ਹੈ ਕਿ ਵੈਡਿੰਗ ਮੈਕਸੀਕੋ ਵਿੱਚ ਗਿਰੋਹ ਦੀ ਰੱਖਿਆ ਤਹਿਤ ਕਿਤੇ ਲੁੱਕਿਆ ਹੋਇਆ ਹੈ। ਇਸ ਮਾਮਲੇ ਵਿੱਚ ਹੁਣ ਤੱਕ 10 ਸ਼ੱਕੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਜਦ ਕਿ ਕੁੱਲ 19 ਸ਼ੱਕੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਇਸ ਵੱਡੇ ਡਰੱਗ ਤਸਕਰੀ ਮਾਮਲੇ ਦੀ ਜਾਂਚ ਵਿੱਚ ਐਫ ਬੀ ਆਈ ਲਾਸ ਏਂਜਲਸ ਫੀਲਡ ਦਫਤਰ, ਵਿਦੇਸ਼ ਵਿਭਾਗ, ਵਿੱਤ ਵਿਭਾਗ, ਆਰ ਸੀ ਐਮ ਪੀ ਤੇ ਕੋਲੰਬੀਅਨ ਨੈਸ਼ਨਲ ਪੁਲਿਸ ਨੇ ਅਹਿਮ ਭੂਮਿਕਾ ਨਿਭਾਈ। ਵਿਦੇਸ਼ ਵਿਭਾਗ ਨੇ ਵੈਡਿੰਗ ਦੀ ਗ੍ਰਿਫਤਾਰੀ ਲਈ ਇਨਾਮ ਵਧਾ ਕੇ ਡੇਢ ਕਰੋੜ ਡਾਲਰ ਕਰ ਦਿੱਤਾ ਹੈ ਤੇ ਗਵਾਹ ਦੀ ਹੱਤਿਆ ਵਿੱਚ ਸ਼ਾਮਲ ਲੋਕਾਂ ਦੀ ਸੂਹ ਦੇਣ ਵਾਲੇ ਲਈ 20 ਲੱਖ ਡਾਲਰ ਇਨਾਮ ਐਲਾਨਿਆ ਹੈ।

## ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਭਾਰਤੀ ਗ੍ਰਿਫਤਾਰ

## ਹੱਤਿਆ ਮਾਮਲੇ ਵਿੱਚ ਲੋੜੀਂਦੇ ਵਿਸ਼ਾਤ ਕੁਮਾਰ ਦੀ ਹੋਵੇਗੀ ਵਤਨ ਵਾਪਿਸੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਨੇ ਪੋਰਟ ਆਫ ਬੁਫਾਲੋ ਵਿਖੇ ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਇਕ ਭਾਰਤੀ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਦੀ ਭਾਰਤ ਵਿੱਚ ਇੱਕ ਹੱਤਿਆ ਦੇ ਮਾਮਲੇ ਵਿੱਚ ਲੋੜ ਹੈ। ਪੀਸ ਬਰਿਜ ਬਾਰਡਰ ਕਰਾਸਿੰਗ ‘ਤੇ 22 ਸਾਲਾ ਵਿਸ਼ਾਤ ਕੁਮਾਰ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਹ ਬੁਫਾਲੋ, ਨਿਊਯਾਰਕ ਤੋਂ ਫੋਰਟ ਐਰੀ,ਓਨਟਾਰੀਓ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਸੀ ਜਦੋਂ ਸੀ ਬੀ ਪੀ ਅਫਸਰਾਂ ਵੱਲੋਂ ਦੂਸਰੀ ਵਾਰ ਕੀਤੀ ਜਾਂਚ ਪੜਤਾਲ ਦੌਰਾਨ ਪਤਾ ਲੱਗਾ ਕਿ ਉਹ ਆਪਣੀ ਅਸਲ ਪਛਾਣ ਲੁਕਾ ਰਿਹਾ ਹੈ ਤੇ ਨਕਲੀ ਨਾਂ ਦੀ ਵਰਤੋਂ ਕਰ ਰਿਹਾ ਹੈ। ਬਾਇਓਮੈਟਰਿਕ ਤਕਨੀਕ ਦੀ ਵਰਤੋਂ ਨਾਲ ਉਸ ਦੀ ਅਸਲ ਪਛਾਣ ਦਾ ਪਤਾ ਲੱਗਾ ਤੇ ਇਹ ਵੀ ਪਤਾ ਲੱਗਾ ਕਿ ਉਸ ਨੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਉਹ ਅਮਰੀਕਾ ਵਿੱਚ 2024 ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ ਤੇ ਸ਼ਰਨ ਲੈਣ ਵਾਸਤੇ ਇੰਟਰਵਿਊ ਦੇਣ ਲਈ ਨਹੀਂ ਆਇਆ ਸੀ। ਹੋਰ ਜਾਂਚ ਪੜਤਾਲ ਤੋਂ ਪਤਾ ਲੱਗਾ ਕਿ ਉਸ ਵਿਰੁੱਧ ਇੰਟਰਪੋਲ ਰੈਡ ਨੋਟਿਸ ਜਾਰੀ ਹੋਇਆ ਹੈ ਤੇ ਉਹ ਭਾਰਤ ਵਿੱਚ ਇੱਕ ਹੱਤਿਆ ਦੇ ਮਾਮਲੇ ਵਿੱਚ ਲੋੜੀਂਦਾ ਹੈ। ਉਸ ਨੂੰ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਸੁਪਰਦ ਕਰ ਦਿੱਤਾ ਗਿਆ ਹੈ। ਉਸ ਨੂੰ ਬਾਟਾਵੀਆ, ਨਿਊਯਾਰਕ ਵਿੱਚ ਸੰਘੀ ਬੰਦੀ ਕੇਂਦਰ ਵਿੱਚ ਰਖਿਆ ਗਿਆ ਹੈ ਜਿਥੋਂ ਉਸ ਨੂੰ ਭਾਰਤ ਵਾਪਿਸ ਭੇਜਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ।




ਲੇਡੀਜ ਟੇਲਰਿੰਗ

*Simple Suit $40 *Lehnga $100

*Lining Suit $70 *Zipper $5 Extra

Shirt with Lining $60 Alteration Starts from $10

ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ

604-799-8160

October end

Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL

REAL ESTATE BROKER

Cell:425-314-2111

Email:garyd@windermere.com

garydhaliwal.withwre.com

Windermere REAL ESTATE

801 State Ave, Marrysville, Wa 98270

HOUSE FOR SALE

12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA

REAL ESTATE BROKER

Cell:425-210-8985

Email:m.sangha@windermere.com

m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਟਰੰਪ ਦੇ ਮਮਦਾਨੀ ਬਾਰੇ ਸੁਰ ਨਰਮ ਪਏ

## ਅਮਰੀਕੀ ਰਾਸ਼ਟਰਪਤੀ ਨੇ ਸਾਰਥਕ ਗੱਲਬਾਤ ਹੋਣ ਦਾ ਦਾਅਵਾ ਕੀਤਾ



ਵਾਸ਼ਿੰਗਟਨ:ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊਯਾਰਕ ਸ਼ਹਿਰ ਦੇ ਮੇਅਰ ਚੁਣੇ ਗਏ ਜ਼ੋਹਰਾਨ ਮਮਦਾਨੀ ਨਾਲ ਪਲੇਠੀ ਮੁਲਾਕਾਤ ਨੂੰ ਬਹੁਤ ਸਾਰਥਕ ਦੱਸਿਆ। ਉਨ੍ਹਾਂ ਉਮੀਦ ਜਤਾਈ ਕਿ ਮਮਦਾਨੀ ਬਹੁਤ ਵਧੀਆ ਕੰਮ ਕਰ ਸਕਦਾ ਹੈ। ਦੋਵੇਂ ਆਗੂਆਂ ਵਿਚਾਲੇ ਖਿੱਚੋਤਾਣ ਦੇ ਕੁਝ ਮਹੀਨਿਆਂ ਬਾਅਦ ਉਨ੍ਹਾਂ ਮੀਟਿੰਗ ਦੌਰਾਨ ਇਕ-ਦੂਜੇ ਖ਼ਿਲਾਫ਼ ਨਰਮ ਸੁਰ ਅਪਣਾਏ। ਸ਼੍ਰੀ ਟਰੰਪ ਨੇ ਕਿਹਾ, ”ਅਸੀਂ ਮੀਟਿੰਗ ਦਾ ਆਨੰਦ ਮਾਣਿਆ। ਅਸੀਂ ਸਾਰਥਕ ਮੀਟਿੰਗ ਕੀਤੀ ਹੈ। ਦੋਹਾਂ 'ਚ ਇਕ ਸਾਂਝੀ ਗੱਲ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਸ਼ਹਿਰ ਬਹੁਤ ਵਧੀਆ ਬਣੇ। ਮੈਂ ਮੇਅਰ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਬਹੁਤ ਹੀ ਹੁਸ਼ਿਆਰ ਵਿਅਕਤੀਆਂ ਖ਼ਿਲਾਫ਼ ਜ਼ਬਰਦਸਤ ਚੋਣ ਲੜੀ ਅਤੇ ਉਨ੍ਹਾਂ ਨੂੰ ਹਰਾ ਦਿੱਤਾ।” ਜਦੋਂ ਸ਼੍ਰੀ ਟਰੰਪ ਨੂੰ ਸਵਾਲ ਕੀਤਾ ਗਿਆ ਕਿ ਉਹ ਮਮਦਾਨੀ ਦੀ ਅਗਵਾਈ ਹੇਠਲੇ ਪ੍ਰਸ਼ਾਸਨ ਤਹਿਤ ਨਿਊਯਾਰਕ ਸਿਟੀ 'ਚ ਰਹਿਣ ਨੂੰ ਤਰਜੀਹ ਦੇਣਗੇ, ਤਾਂ ਉਨ੍ਹਾਂ ਕਿਹਾ, ”ਮੀਟਿੰਗ ਮਗਰੋਂ ਤਾਂ ਮੈਂ ਹੁਣ ਉਥੇ ਰਹਿਣ ਲਈ ਵੀ ਤਿਆਰ ਹਾਂ। ਅਸੀਂ ਉਸ ਨੂੰ ਪੂਰਾ ਸਹਿਯੋਗ ਦੇਵਾਂਗੇ।”

# ਅਮਰੀਕਾ ਦੀਆਂ ਨਵੀਆਂ ਪਾਬੰਦੀਆਂ ਨਾਲ ਭਾਰਤ ’ਚ ਰੂਸੀ ਤੇਲ ਦੀ ਦਰਾਮਦ ਹੋਵੇਗੀ ਪ੍ਰਭਾਵਿਤ

ਨਵੀਂ ਦਿੱਲੀ- ਰੂਸੀ ਕੱਚੇ ਤੇਲ ਦੇ ਪ੍ਰਮੁੱਖ ਬਰਾਮਦਕਾਰਾਂ ’ਤੇ ਅਮਰੀਕਾ ਦੀਆਂ ਨਵੀਆਂ ਪਾਬੰਦੀਆਂ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਊਰਜਾ ਬਾਜ਼ਾਰ ਨਾਲ ਜੁੜੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਰਤ ’ਚ ਰੂਸੀ ਤੇਲ ਦੀ ਦਰਾਮਦ ਨਜ਼ਦੀਕੀ ਭਵਿੱਖ ’ਚ ਤੇਜ਼ੀ ਨਾਲ ਘਟੇਗੀ, ਹਾਲਾਂਕਿ ਇਹ ਪੂਰੀ ਤਰ੍ਹਾਂ ਬੰਦ ਨਹੀਂ ਹੋਵੇਗੀ।ਰਾਸਨੈਫਟ ਅਤੇ ਲੁਕੋਇਲ ਅਤੇ ਉਨ੍ਹਾਂ ਦੀ ਬਹੁਮਤ ਮਾਲਕੀ ਵਾਲੀਆਂ ਸਹਾਇਕ ਕੰਪਨੀਆਂ ’ਤੇ ਅਮਰੀਕੀ ਪਾਬੰਦੀ 21 ਨਵੰਬਰ ਤੋਂ ਲਾਗੂ ਹੋ ਗਈ। ਇਸ ਨਾਲ ਹੁਣ ਇਨ੍ਹਾਂ ਕੰਪਨੀਆਂ ਦਾ ਕੱਚਾ ਤੇਲ ਖਰੀਦਣਾ ਜਾਂ ਵੇਚਣਾ ਲੱਗਭਗ ਨਾ-ਮੁਮਕਿਨ ਹੋ ਗਿਆ ਹੈ। ਭਾਰਤ ਨੇ ਇਸ ਸਾਲ ਔਸਤਨ 17 ਲੱਖ ਬੈਰਲ ਰੋਜ਼ਾਨਾ ਰੂਸੀ ਤੇਲ ਦੀ ਦਰਾਮਦ ਕੀਤੀ ਅਤੇ ਪਾਬੰਦੀਆਂ ਤੋਂ ਪਹਿਲਾਂ ਇਹ ਮਜ਼ਬੂਤ ਬਣਿਆ ਰਿਹਾ। ਨਵੰਬਰ ’ਚ ਦਰਾਮਦ 18-19 ਲੱਖ ਬੈਰਲ ਰੋਜ਼ਾਨਾ ਰਹਿਣ ਦਾ ਅੰਦਾਜ਼ਾ ਹੈ ਕਿਉਂਕਿ ਰਿਫਾਇਨਰੀਆਂ ਸਸਤੇ ਤੇਲ ਦੀ ਆਪਣੀ ਖਰੀਦ ਨੂੰ ਵੱਧ ਤੋਂ ਵੱਧ ਕਰ ਰਹੀਆਂ ਹਨ। ਅੱਗੇ ਚਲ ਕੇ ਦਸੰਬਰ ਅਤੇ ਜਨਵਰੀ ’ਚ ਸਪਲਾਈ ’ਚ ਸਪੱਸ਼ਟ ਗਿਰਾਵਟ ਆਉਣ ਦੀ ਉਮੀਦ ਹੈ।ਅਮਰੀਕੀ ਪਾਬੰਦੀਆਂ ਦੇ ਲਾਗੂ ਹੋਣ ਕਾਰਨ ਰਿਲਾਇੰਸ ਇੰਡਸਟਰੀਜ਼, ਐੱਚ. ਪੀ. ਸੀ. ਐੱਲ.-ਮਿੱਤਲ ਐਨਰਜੀ ਅਤੇ ਮੈਂਗਲੋਰ ਰਿਫਾਇਨਰੀ ਵਰਗੀਆਂ ਕੰਪਨੀਆਂ ਨੇ ਫਿਲਹਾਲ ਰੂਸੀ ਤੇਲ ਦੀ ਦਰਾਮਦ ਰੋਕ ਦਿੱਤੀ ਹੈ।

# ਅਮਰੀਕਾ ਵਿਚ 'ਆਈਸ' ਦੇ ਨਾਕੇ ਦੌਰਾਨ 76 ਟਰੱਕ ਡਰਾਈਵਰ ਗ੍ਰਿਫ਼ਤਾਰ

ਓਕਲਾਹੋਮਾ ਸਿਟੀ: ਅਮਰੀਕਾ ਵਿਚ ਟਰੱਕ ਡਰਾਈਵਰਾਂ ਵਿਰੁੱਧ ਚੱਲ ਰਹੀ ਕਾਰਵਾਈ ਦੌਰਾਨ ਆਈਸ ਵਾਲਿਆਂ ਨੇ ਮੁੜ ਓਕਲਾਹੋਮਾ ਸੂਬੇ ਵਿਚ ਨਾਕਾ ਲਾਉਂਦਿਆਂ 160 ਤੋਂ ਵੱਧ ਟਰੱਕ ਡਰਾਈਵਰਾਂ ਦੀ ਪੁਣ-ਛਾਣ ਕੀਤੀ ਅਤੇ 76 ਜਣਿਆਂ ਨੂੰ ਇੰਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਕਾਬੂ ਕਰ ਕੇ ਡਿਟੈਨਸ਼ਨ ਸੈਂਟਰ ਭੇਜ ਦਿਤਾ ਜਿਨ੍ਹਾਂ ਵਿਚੋਂ ਘੱਟੋ ਘੱਟ 12 ਪੰਜਾਬੀ ਦੱਸੇ ਜਾ ਰਹੇ ਹਨ। ਅਪ੍ਰੇਸ਼ਨ ਗਾਰਡੀਅਨ ਅਧੀਨ ਕੀਤੀ ਗਈ ਕਾਰਵਾਈ ਵਿਚ ਓਕਲਾਹੋਮਾ ਹਾਈਵੇਅ ਪੈਟਰੋਲ ਦੇ ਅਫ਼ਸਰਾਂ ਨੇ ਪੂਰਾ ਸਾਥ ਦਿਤਾ ਅਤੇ ਅੰਗਰੇਜ਼ੀ ਨਾ ਆਉਂਦੀ ਹੋਣ ਕਰ ਕੇ 7 ਜਣਿਆਂ ਦੇ ਟਰੱਕ ਜ਼ਬਤ ਕੀਤੇ ਗਏ।ਦੂਜੇ ਪਾਸੇ ਅੰਗਰੇਜ਼ੀ ਨਾ ਆਉਂਦੀ ਹੋਣ ਕਾਰਨ ਟਰੱਕ ਡਰਾਈਵਿੰਗ ਤੋਂ ਵਿਹਲੇ ਕੀਤੇ ਪ੍ਰਵਾਸੀਆਂ ਦੀ ਗਿਣਤੀ 10 ਹਜ਼ਾਰ ਤੋਂ ਟੱਪ ਚੁੱਕੀ ਹੈ ਅਤੇ ਵੱਖ ਵੱਖ ਰਾਜਾਂ ਵਿਚ ਲੱਗ ਰਹੇ ਨਾਕੇ ਮੁਸ਼ਕਲਾਂ ਪੈਦਾ ਕਰ ਰਹੇ ਹਨ। ਪਿਛਲੇ ਦਿਨੀਂ ਇੰਡਿਆਨਾ ਸੂਬੇ ਦੀਆਂ ਸੜਕਾਂ ਤੋਂ 146 ਟਰੱਕ ਡਰਾਈਵਰਾਂ ਸਣੇ 223 ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਡਰਾਈਵਰਾਂ ਦੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਕੈਲੇਫੋਰਨੀਆ, ਨਿਊ ਯਾਰਕ ਅਤੇ ਇਲੀਨੌਇ ਨਾਲ ਸਬੰਧਤ ਦੱਸੇ ਗਏ।

# ਕੈਨੇਡਾ ਦੇ ਪੰਜਾਬੀ ਡਰਾਈਵਰ ਨੂੰ ਅਮਰੀਕਾ ਵਿਚ 6 ਸਾਲ ਕੈਦ

ਲਾਸ ਐਂਜਲਸ: ਕੈਨੇਡਾ ਨਾਲ ਸਬੰਧਤ ਪੰਜਾਬੀ ਟਰੱਕ ਡਰਾਈਵਰ ਨੂੰ ਅਮਰੀਕਾ ਦੀ ਅਦਾਲਤ ਵੱਲੋਂ ਨਸ਼ਾ ਤਸਕਰੀ ਦੇ ਮਾਮਲੇ ਵਿਚ ਛੇ ਸਾਲ ਅਤੇ ਦੋ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। 65 ਸਾਲ ਦੇ ਰਣਜੀਤ ਸਿੰਘ ਰੋਵਲ ਅਤੇ 57 ਸਾਲ ਇਕਬਾਲ ਸਿੰਘ ਵਿਰਕ ਨੂੰ ਅਗਸਤ 2024 ਵਿਚ ਮਿਸ਼ੀਗਨ ਦੇ ਰਸਤੇ ਕੈਨੇਡਾ ਵਿਚ ਦਾਖਲ ਹੋਣ ਵੇਲੇ 95 ਕਿਲੋ ਕੋਕੀਨ ਅਤੇ 20 ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਗਿਆ ਪਰ ਬਾਅਦ ਵਿਚ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਇਹ ਦੋਵੇਂ ਸਾਬਕਾ ਓਲੰਪੀਅਨ ਰਾਯਨ ਵੈਡਿੰਗ ਨਸ਼ਾ ਤਸਕਰੀ ਗਿਰੋਹ ਦਾ ਹਿੱਸਾ ਸਨ ਅਤੇ ਰਣਜੀਤ ਸਿੰਘ ਇਕ ਅਰਬ ਡਾਲਰ ਮੁੱਲ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਰਿਹਾ।ਗ੍ਰਿਫ਼ਤਾਰ ਰਣਜੀਤ ਸਿੰਘ ਦੀ ਪਰਮਾਨੈਂਟ ਰੈਜ਼ੀਡੈਂਸੀ ਰੱਦ ਕੀਤੀ ਜਾ ਰਹੀ ਹੈ ਅਤੇ ਅਮਰੀਕਾ ਵਿਚ ਸਜ਼ਾ ਮੁਕੰਮਲ ਹੋਣ ਮਗਰੋਂ ਕੈਨੇਡਾ ਦਾਖਲ ਹੁੰਦਿਆਂ ਹੀ ਡਿਪੋਰਟ ਕਰ ਦਿਤਾ ਜਾਵੇਗਾ। ਇਕਬਾਲ ਸਿੰਘ ਵਿਰਕ ਨੂੰ ਸਜ਼ਾ ਦਾ ਐਲਾਨ ਅਗਲੇ ਸਾਲ ਮਾਰਚ ਵਿਚ ਕੀਤਾ ਜਾ ਸਕਦਾ ਹੈ।


Our Package Starts from
$50 per month
ਪੰਜਾਬ ਗਾਰਡੀਅਨ
Call to Advertise
604.590.5200


# ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ “ਇੱਕ ਮਾਫ਼ੀਆ” ਚਲਾ ਰਿਹੈ

## ਰੇਡੀਓ ਕਮੈਂਟੇਟਰ ਦੇ ਬਿਆਨ ਨੇ ਛੇੜੀ ਚਰਚਾ



ਵਾਸ਼ਿੰਗਟਨ ਡੀ.ਸੀ.- ਐੱਚ-1ਬੀ ਵੀਜ਼ਾ ਨੂੰ ਲੈ ਕੇ ਵਿਵਾਦ ਲਗਾਤਾਰ ਵਧਦਾ ਜਾ ਰਿਹਾ ਹੈ। ਰੇਡੀਓ ਕਮੈਂਟੇਟਰ ਅਲੈਕਸ ਜੋਨਸ ਨੇ ਕਿਹਾ ਕਿ ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ ”ਇੱਕ ਮਾਫ਼ੀਆ ਚਲਾ ਰਹੀ ਹੈ” ਅਤੇ ਦਾਅਵਾ ਕੀਤਾ ਕਿ ਪ੍ਰੋਗਰਾਮ 'ਤੇ ਆਉਣ ਵਾਲੇ ਜ਼ਿਆਦਾਤਰ ਕਰਮਚਾਰੀ ਭਾਰਤ ਦੇ ਇੱਕ ਹੀ ਖੇਤਰ ਤੋਂ ਆਉਂਦੇ ਹਨ। ਰੇਡੀਓ ਟਿੱਪਣੀਕਾਰ ਨੇ ਇਹ ਗੱਲਾਂ ਸੰਯੁਕਤ ਰਾਜ ਅਮਰੀਕਾ ਵਿਚ ਵਿਦੇਸ਼ੀ ਕੰਮਕਾਜ ਵੀਜ਼ਿਆਂ 'ਤੇ ਚੱਲ ਰਹੀ ਚਰਚਾ ਦੌਰਾਨ ਜਾਰੀ ਕੀਤੀ ਇੱਕ ਵੀਡੀਓ ਵਿਚ ਕਹੀਆਂ।

ਜੋਨਸ ਨੇ ਕਿਹਾ ਕਿ ਦਸ ਵਿਚੋਂ ਸੱਤ ਐੱਚ-1ਬੀ ਵੀਜ਼ੇ ਭਾਰਤ ਦੇ ਇੱਕ ਹੀ ਖੇਤਰ ਤੋਂ ਆਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ”ਭਾਰਤੀਆਂ ਨਾਲ ਨਫ਼ਰਤ ਨਹੀਂ ਕਰਦਾ” ਅਤੇ ਉਨ੍ਹਾਂ ਨੂੰ ਸਮਾਰਟ ਅਤੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਦੱਸਿਆ, ਪਰ ਉਨ੍ਹਾਂ ਨੇ ਅਮਰੀਕੀ ਕੰਮ ਵਾਲੀਆਂ ਥਾਵਾਂ 'ਤੇ ਨਜ਼ਰ ਆਈ ਬਹੁਤ ਜ਼ਿਆਦਾ ਭਾਰਤੀ ਮੌਜੂਦਗੀ ਦਾ ਵਰਣਨ ਕੀਤਾ।ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿਚ ਉਸ ਨੇ ”ਭਾਰਤੀਆਂ ਨੂੰ ਸਾਰੇ ਨੌਕਰੀ ਸੈਕਟਰਾਂ 'ਤੇ ਕਬਜ਼ਾ ਕਰਦੇ” ਦੇਖਿਆ ਹੈ ਅਤੇ ਦਾਅਵਾ ਕੀਤਾ ਕਿ ਉਹ ਉਨ੍ਹਾਂ ਨੂੰ ”ਹਰ ਜਗ੍ਹਾ” ਵੇਖਦਾ ਹੈ, ਇੱਥੋਂ ਤੱਕ ਕਿ ਰੈਸਟੋਰੈਂਟਾਂ ਵਿਚ ਵੀ। ਜੋਨਸ ਨੇ ਕਿਹਾ ਕਿ ਉਸ ਦੇ ਵਿਸ਼ਵਾਸ ਅਨੁਸਾਰ ਹੁਣ ਭਾਰਤੀ ਦੇਸ਼ ਵਿਚ ਜ਼ਿਆਦਾਤਰ ਨੌਕਰੀਆਂ ਰੱਖਦੇ ਹਨ, ਇੱਥੋਂ ਤੱਕ ਕਿ ਬਹੁਤ ਸਾਰੇ ਰੈਸਟੋਰੈਂਟਾਂ ਵਿਚ ਗਾਹਕ ਵੀ ਭਾਰਤੀ ਹੁੰਦੇ ਹਨ।ਉਨ੍ਹਾਂ ਨੇ ਦਲੀਲ ਦਿੱਤੀ ਕਿ ”ਭਾਰਤੀਆਂ ਦੀ ਸੋਚ ਅਮਰੀਕੀ ਸੱਭਿਆਚਾਰ ਨਾਲ ਮੇਲ ਨਹੀਂ ਖਾਂਦੀ।” ਉਨ੍ਹਾਂ ਨੇ ਭਾਰਤ ਵਿਚ ਗੋਬਰ ਤਿਉਹਾਰ ਸਬੰਧੀ ਹਾਲੀਆ ਵਾਇਰਲ ਵੀਡੀਓ ਦਾ ਉਦਾਹਰਨ ਦਿੱਤਾ।ਉਨ੍ਹਾਂ ਦੇ ਬਿਆਨ ਉਸ ਵੇਲੇ ਆਏ ਜਦੋਂ ਐੱਚ-1ਬੀ ਬਹਿਸ ਹੋਰ ਤੇਜ਼ ਹੋ ਗਈ, ਬਾਅਦ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਪ੍ਰਸ਼ਾਸਨਿਕ ਟੀਮ ਇਸ ਵੀਜ਼ਾ ਸ਼੍ਰੇਣੀ 'ਤੇ ”ਬਹੁਤ ਸਖ਼ਤੀ ਨਾਲ ਕੰਮ ਨਹੀਂ ਕਰੇਗੀ,” ਕਿਉਂਕਿ ਸੰਯੁਕਤ ਰਾਜ ਨੂੰ ਕੁਝ ਹੁਨਰਮੰਦ ਵਿਦੇਸ਼ੀ ਕਰਮਚਾਰੀਆਂ ਦੀ ਲੋੜ ਹੈ। ਟਰੰਪ ਨੇ ਬੈਟਰੀ ਕਰਮਚਾਰੀਆਂ ਲਈ ਕੋਰੀਆ ਅਤੇ ਚਿਪ ਕਰਮਚਾਰੀਆਂ ਲਈ ਤਾਈਵਾਨ ਦਾ ਹਵਾਲਾ ਦਿੱਤਾ।ਕਿਉਂਕਿ ਐੱਚ-1ਬੀ ਲਈ ਸਭ ਤੋਂ ਵੱਡਾ ਹਿੱਸਾ ਭਾਰਤ ਤੋਂ ਆਉਂਦਾ ਹੈ, ਇਸ ਲਈ ਵਿਰੋਧ ਭਾਰਤੀ ਕਰਮਚਾਰੀਆਂ 'ਤੇ ਕੇਂਦ੍ਰਿਤ ਰਿਹਾ। ਜੋਨਸ ਨੇ ਕਿਹਾ ਕਿ ”ਭਾਰਤੀ ਭਾਰਤੀਆਂ ਨੂੰ ਨੌਕਰੀ 'ਤੇ ਰੱਖਦੇ ਹਨ,” ਜੋ ਉਨ੍ਹਾਂ ਅਨੁਸਾਰ ਇਹੀ ਕਾਰਨ ਹੈ ਕਿ ਸਿਲਿਕਾਨ ਵੈਲੀ ਵਿਚ ਇੰਨੇ ਸਾਰੇ ਭਾਰਤੀ ਕਰਮਚਾਰੀ ਹਨ।ਜੋਨਜ਼ ਨੇ ਇਹ ਵੀ ਦੋਸ਼ ਲਗਾਇਆ ਕਿ ਜਿਹੜਾ ਸਮੂਹ ਐੱਚ-1ਬੀ ਅੰਕੜਿਆ 'ਤੇ ਹਾਵੀ ਹੈ, ਉਸਦੀ ਦਾਜ ਨਾਲ ਸਬੰਧਿਤ ਹਿੰਸਾ ਦੀ ਦਰ ”ਸਭ ਤੋਂ ਵੱਧ” ਹੈ।ਟਿੱਪਣੀਕਾਰ ਨੇ ਆਪਣੇ ਦਾਅਵਿਆਂ ਨੂੰ ਸਮਰਥਨ ਦੇਣ ਲਈ ਕੋਈ ਡਾਟਾ ਨਹੀਂ ਦਿੱਤਾ, ਫਿਰ ਵੀ ਇਹ ਬਿਆਨ ਆਨਲਾਈਨ ਵਿਆਪਕ ਤੌਰ 'ਤੇ ਫੈਲ ਗਿਆ ਕਿਉਂਕਿ ਸੰਯੁਕਤ ਰਾਜ ਵਿਚ ਕੰਮਕਾਜ ਵੀਜ਼ਿਆਂ 'ਤੇ ਚਰਚਾ ਜਾਰੀ ਹੈ।

# ਕੈਨੇਡਾ ਸੈਟਲ ਹੋਵੇਗੀ ਅਮਰੀਕਾ ਦੀ ਮਸ਼ਹੂਰ ਬੀਅਰ ਤਿਆਰ ਕਰਨ ਵਾਲੀ ਕੰਪਨੀ

ਓਟਵਾ:ਅਮਰੀਕਾ ਦੀ ਇੱਕ ਮਸ਼ਹੂਰ ਬੀਅਰ ਤਿਆਰ ਕਰਨ ਵਾਲੀ ਕੰਪਨੀ ਹੁਣ ਮਾਂਟਰੀਅਲ ਵਿੱਚ ਸੈਟਲ ਹੋਣ ਜਾ ਰਹੀ ਹੈ। 1872 ਤੋਂ ਸ਼ਿਕਾਗੋ ਵਿੱਚ ਸਥਿਤ ਮਸ਼ਹੂਰ ਸੀਬਲ ਇੰਸਟੀਚਿਊਟ ਆਫ ਟੈਕਨੌਲੋਜੀ ਨੇ ਬੀਅਰ ਤਿਆਰ ਕਰਨ ਦੀ ਇਸ ਕਲਾ ਤੇ ਸਾਇੰਸ ਵਿੱਚ ਕਈ ਪੀੜ੍ਹੀਆਂ ਨੂੰ ਤਿਆਰ ਕੀਤਾ।ਪਰ ਸੋਸ਼ਲ ਮੀਡੀਆ ਉੱਤੇ ਪਾਏ ਇੱਕ ਬਿਆਨ ਵਿੱਚ ਇਸ ਸਕੂਲ ਦਾ ਕਹਿਣਾ ਹੈ ਕਿ ਉਹ ਹੁਣ ਕੈਨੇਡਾ ਵਿੱਚ ਰੀਲੋਕੇਟ ਹੋਣ ਜਾ ਰਿਹਾ ਹੈ। ਇੰਸਟੀਚਿਊਟ ਦਾ ਕਹਿਣਾ ਹੈ ਕਿ ਇਹ ਫੈਸਲਾ ਟਰੰਪ ਸਰਕਾਰ ਦੀਆਂ ਨੀਤੀਆਂ ਕਾਰਨ ਲਿਆ ਗਿਆ ਹੈ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE 206-370-9480
TOLL FREE : 1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

# ‘ਮੈਂ ਬੀਜਿੰਗ ਜਾਵਾਂਗਾ, ਚੀਨੀ ਰਾਸ਼ਟਰਪਤੀ ਅਮਰੀਕਾ ਆਉਣਗੇ...’



ਵਾਸ਼ਿੰਗਟਨ:ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਅਪ੍ਰੈਲ ਵਿੱਚ ਬੀਜਿੰਗ ਆਉਣ ਲਈ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ। ਟਰੰਪ ਨੇ ਅਗਲੇ ਸਾਲ ਦੇ ਅਖੀਰਲੇ ਅੱਧ ਵਿੱਚ ਸ਼ੀ ਜਿਨਪਿੰਗ ਨੂੰ ਅਮਰੀਕਾ ਦੇ ਸਰਕਾਰੀ ਦੌਰੇ ਲਈ ਸੱਦਾ ਵੀ ਦਿੱਤਾ।ਅਮਰੀਕੀ ਰਾਸ਼ਟਰਪਤੀ ਨੇ ਇਹ ਐਲਾਨ ਸ਼ੀ ਜਿਨਪਿੰਗ ਨਾਲ ਫੋਨ ‘ਤੇ ਗੱਲਬਾਤ ਤੋਂ ਕੁਝ ਘੰਟਿਆਂ ਬਾਅਦ ਕੀਤਾ। ਉਨ੍ਹਾਂ ਕਿਹਾ ਕਿ ਦੋਵਾਂ ਆਗੂਆਂ ਨੇ ਯੂਕਰੇਨ, ਫੈਂਟਾਨਿਲ ਅਤੇ ਸੋਇਆਬੀਨ ਵਰਗੇ ਮੁੱਦਿਆਂ ‘ਤੇ ਚਰਚਾ ਕੀਤੀ। ਇਹ ਫੋਨ ਕਾਲ ਦੱਖਣੀ ਕੋਰੀਆ ਦੇ ਸ਼ਹਿਰ ਬੁਸਾਨ ਵਿੱਚ ਉਨ੍ਹਾਂ ਦੀ ਆਹਮੋ-ਸਾਹਮਣੇ ਮੁਲਾਕਾਤ ਤੋਂ ਲਗਭਗ ਇੱਕ ਮਹੀਨੇ ਬਾਅਦ ਆਈ। ਟਰੰਪ ਨੇ ਕਿਹਾ, “ਚੀਨ ਨਾਲ ਸਾਡਾ ਰਿਸ਼ਤਾ ਬਹੁਤ ਮਜ਼ਬੂਤ ਹੈ।“ ਚੀਨ ਨੇ ਪਹਿਲਾਂ ਦੋਵਾਂ ਆਗੂਆਂ ਦੀ ਫੋਨ ਗੱਲਬਾਤ ਬਾਰੇ ਰਿਪੋਰਟ ਦਿੱਤੀ ਸੀ, ਪਰ ਰਾਜ ਦੌਰਿਆਂ ‘ਤੇ ਕੋਈ ਟਿੱਪਣੀ ਨਹੀਂ ਕੀਤੀ। ਹਾਲਾਂਕਿ, ਇਸਨੇ ਸਵੀਕਾਰ ਕੀਤਾ ਕਿ ਦੋਵਾਂ ਆਗੂਆਂ ਨੇ ਵਪਾਰ, ਤਾਈਵਾਨ ਅਤੇ ਯੂਕਰੇਨ ਬਾਰੇ ਚਰਚਾ ਕੀਤੀ।

# ਰਾਸ਼ਟਰਪਤੀ ਟਰੰਪ ਦੇ ਪਰਿਵਾਰ ਦੀ ਦੌਲਤ ‘ਚ 1 ਅਰਬ ਡਾਲਰ ਤੋਂ ਵੱਧ ਦੀ ਗਿਰਾਵਟ

ਇੰਟਰਨੈਸ਼ਨਲ ਡੈਸਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ (ਲਗਭਗ 9,800 ਕਰੋੜ) ਤੋਂ ਵੱਧ ਦੀ ਗਿਰਾਵਟ ਆਈ ਹੈ। ਇਹ ਗਿਰਾਵਟ ਮੁੱਖ ਤੌਰ ‘ਤੇ ਕ੍ਰਿਪਟੋਕਰੰਸੀ ਅਤੇ ਮੀਮ ਸਿੱਕਿਆਂ ਵਿੱਚ ਉਨ੍ਹਾਂ ਦੇ ਵੱਡੇ ਨਿਵੇਸ਼ ਦੇ ਡੁੱਬਣ ਕਾਰਨ ਹੈ। ਇਹ ਜਾਣਕਾਰੀ ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਦੀ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਈ ਹੈ।

# ਅਮਰੀਕਾ ਵਿਚ ਅੰਗਰੇਜ਼ੀ ਦੀ ਭੇਟ ਚੜ੍ਹੇ 311 ਟਰੱਕ ਡਰਾਈਵਰ

ਜੈਕਸਨ : ਅਮਰੀਕਾ ਵਿਚ ਅੰਗਰੇਜ਼ੀ ਦੀ ਭੇਟ ਚੜ੍ਹ ਰਹੇ ਟਰੱਕ ਡਰਾਈਵਰਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।ਮਿਸੀਸਿਪੀ ਸੂਬੇ ਵਿਚ ਇੰਗਲਿਸ਼ ਲੈਂਗੁਏਜ ਰੂਲਜ਼ ਲਾਗੂ ਕਰਦਿਆਂ ਵੱਡੇ ਪੱਧਰ ’ਤੇ ਕਾਰਵਾਈ ਕੀਤੀ ਗਈ ਅਤੇ 311 ਟਰੱਕ ਡਰਾਈਵਰਾਂ ਦੇ ਲਾਇਸੰਸ ਰੱਦ ਕਰ ਦਿਤੇ ਗਏ ਜਿਨ੍ਹਾਂ ਵਿਚੋਂ ਜ਼ਿਆਦਾਤਰ ਕੱਚੇ ਹੋਣ ਕਾਰਨ ਡਿਪੋਰਟ ਕੀਤੇ ਜਾ ਰਹੇ ਹਨ। ਮਿਸੀਸਾਗਾ ਦੇ ਲੋਕ ਸੁਰੱਖਿਆ ਵਿਭਾਗ ਦੇ ਕਮਿਸ਼ਨਾ ਸ਼ੌਨ ਟਿੰਡਲ ਨੇ ਦੱਸਿਆ ਕਿ ਸੂਬੇ ਦੀਆਂ ਸੜਕਾਂ ’ਤੇ ਨਾਕਿਆਂ ਦੌਰਾਨ ਟਰੱਕ ਡਰਾਈਵਰਾਂ ਤੋਂ ਅੰਗਰੇਜ਼ੀ ਭਾਸ਼ਾ ਵਿਚ ਸਵਾਲ ਪੁੱਛੇ ਗਏ ਪਰ ਵੱਡੀ ਗਿਣਤੀ ਵਿਚ ਤਸੱਲੀਬਖਸ਼ ਜਵਾਬ ਨਾ ਦੇ ਸਕੇ ਅਤੇ ਇਨ੍ਹਾਂ ਵਿਚੋਂ 145 ਡਰਾਈਵਰਾਂ ਨੂੰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦੇ ਸਪੁਰਦ ਕਰ ਦਿਤਾ ਗਿਆ।

# ਫਲਾਈਟ ’ਚ ਪਜਾਮਾ-ਚੱਪਲ ਪਹਿਨਣਾ ਬੰਦ ਕਰਨ ਯਾਤਰੀ:ਸ਼ਾਨ ਡਫੀ

ਵਾਸ਼ਿੰਗਟਨ -ਅਮਰੀਕੀ ਟਰਾਂਸਪੋਰਟ ਮੰਤਰੀ ਸ਼ਾਨ ਡਫੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਲਾਈਟ ਦੌਰਾਨ ਪਜਾਮਾ, ਚੱਪਲਾਂ ਜਾਂ ਹੋਰ ਘਰੇਲੂ ਕੱਪੜੇ ਪਾ ਕੇ ਹਵਾਈ ਅੱਡੇ ’ਤੇ ਨਾ ਆਉਣ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਕੁਝ ਛੋਟ ਦਿੱਤੀ ਜਾ ਸਕਦੀ ਹੈ ਪਰ ਬਾਲਗਾਂ ਨੂੰ ਹਵਾਈ ਅੱਡੇ ਨੂੰ ਆਪਣੇ ਰਹਿਣ ਵਾਲੇ ਕਮਰੇ ਵਾਂਗ ਨਹੀਂ ਸਮਝਣਾ ਚਾਹੀਦਾ। ਨਿਊਜਰਸੀ ਦੇ ਨੇਵਾਰਕ ਹਵਾਈ ਅੱਡੇ ’ਤੇ ਸ਼ਾਨ ਡਫੀ ਨੇ ਕਿਹਾ, ‘ਕਿਰਪਾ ਕਰ ਕੇ ਚੱਪਲਾਂ ਅਤੇ ਪਜਾਮਾ ਪਾ ਕੇ ਹਵਾਈ ਅੱਡੇ ’ਤੇ ਨਾ ਆਓ। ਜੀਨਸ ਅਤੇ ਸਾਫ਼ ਕਮੀਜ਼ ਕਾਫ਼ੀ ਹੈ। ਥੋੜ੍ਹਾ ਢੰਗ ਨਾਲ ਕੱਪੜੇ ਪਾਉਣ ਨਾਲ ਹਰ ਕਿਸੇ ਦੀ ਯਾਤਰਾ ਬਿਹਤਰ ਹੋਵੇਗੀ।’

GAUTAM & ASSOCIATES
TRIAL LAWYERS




OUR AREAS OF EXPERTISE
*PERSONAL INJURY LAW
*VISA REFUSALS
*IMMEDIATE ROADSIDE
*PROHIBITIONS *FAMILY LAW
*CIVIL AND COMMERCIAL
*LITIGATION *WILLS AND ESTATES

ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St Lynden, WA. 98264 (Bellingham)



28 ਨਵੰਬਰ ਦਿਨ ਸ਼ੁੱਕਰਵਾਰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿਚ ਸਮੂਹ ਸੰਗਤ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 30 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ
28-29-30 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿਚ ਸ਼ਾਮ 4-7 ਵਜੇ ਤੱਕ ਕੀਰਤਨ ਦਰਬਾਰ ਸਜਣਗੇ
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਪੰਜਾਬੀ 2025 ਮੁਕਾਬਲਾ ਪੰਜਾਬੀ ਭਾਈਚਾਰੇ ਲਈ ਇੱਕ ਯਾਦਗਾਰੀ ਅਤੇ ਪ੍ਰੇਰਣਾਦਾਇਕ ਸਮਾਗਮ ਸਾਬਤ ਹੋਇਆ




ਸ਼ਿਕਾਗੋ:-ਭੰਗੜਾ ਰਾਈਮਜ਼ ਵੱਲੋਂ ਸ਼ਿਕਾਗੋ ਨੇੜੇ ਸ਼ਾਮਬਰਗ ਵਿਖੇ ਐਤਵਾਰ, 23 ਨਵੰਬਰ ਨੂੰ ਕਰਵਾਇਆ ਗਿਆ ਫਿੱਟ ਪੰਜਾਬੀ 2025 ਮੁਕਾਬਲਾ ਪੰਜਾਬੀ ਭਾਈਚਾਰੇ ਲਈ ਇੱਕ ਯਾਦਗਾਰੀ ਅਤੇ ਪ੍ਰੇਰਣਾਦਾਇਕ ਸਮਾਗਮ ਸਾਬਤ ਹੋਇਆ। ਇਸ ਦਾ ਮੁੱਖ ਮਕਸਦ ਲੋਕਾਂ ਵਿੱਚ ਸਿਹਤ ਅਤੇ ਤੰਦਰੁਸਤੀ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਹਰ ਉਮਰ ਦੇ ਲੋਕਾਂ ਨੂੰ ਸਰਗਰਮ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਸਮਾਗਮ ਦੌਰਾਨ ਪ੍ਰਬੰਧਕ ਅਮਨਦੀਪ ਕੁਲਾਰ ਨੇ ਹਾਜ਼ਰ ਭਾਗੀਦਾਰਾਂ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਉਪਰਾਲਾ ਇੱਥੇ ਹੀ ਨਹੀਂ ਰੁਕੇਗਾ ਅਤੇ ਭਵਿੱਖ ਵਿੱਚ ਵੀ ਅਜਿਹੇ ਸਿਹਤਮੰਦ ਸਮਾਗਮ ਲਗਾਤਾਰ ਕਰਵਾਏ ਜਾਣਗੇ ਤਾਂ ਜੋ ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਵਰਗ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕੀਤਾ ਜਾ ਸਕੇ। ਮੁਕਾਬਲੇ ਵਿੱਚ ਇਲੀਨੋਇਸ ਅਤੇ ਵਿਸਕਾਂਸਿਨ ਤੋਂ ਇਲਾਵਾ ਕੈਨੇਡਾ ਤੋਂ ਵੀ ਕਈ ਪੰਜਾਬੀਆਂ ਨੇ ਭਾਗ ਲਿਆ ਅਤੇ ਜੱਜਾਂ ਵੱਲੋਂ ਭਾਗੀਦਾਰਾਂ ਦੀ ਸਰੀਰਕ ਤਾਕਤ, ਫੁਰਤੀ ਅਤੇ ਆਤਮ-ਵਿਸ਼ਵਾਸ ਦੇ ਆਧਾਰ 'ਤੇ ਨਿਰਪੱਖ ਰੂਪ ਵਿੱਚ ਫੈਸਲਾ ਕੀਤਾ ਗਿਆ। 40 ਸਾਲ ਤੋਂ ਘੱਟ ਉਮਰ ਵਰਗ ਵਿੱਚ ਮੁੰਡਿਆਂ ਦੀ ਸ਼੍ਰੇਣੀ ਵਿੱਚ ਸ਼ਿਕਾਗੋ ਤੋਂ ਸੱਤਿਆ ਨੇ ਪਹਿਲਾ, ਵਿਨੀਪੈਗ (ਕੈਨੇਡਾ) ਤੋਂ ਰਾਜਿੰਦਰ ਸਿੰਘ ਸਿੱਧੂ ਨੇ ਦੂਜਾ ਅਤੇ ਮਿਲਵਾਕੀ ਤੋਂ ਹਰਬੀਰ ਸਿੰਘ ਮਾਹਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਹਾਸਲ ਕੀਤਾ। ਇਸੇ ਵਰਗ ਦੀਆਂ ਕੁੜੀਆਂ ਵਿੱਚ ਮਿਲਵਾਕੀ ਦੀ ਰਾਜਬੀਰ ਕੌਰ ਨੇ ਪਹਿਲਾ, ਸ਼ਿਕਾਗੋ ਦੀ ਗੁਰਪ੍ਰੀਤ ਕੌਰ ਧਾਮੀ ਨੇ ਦੂਜਾ ਅਤੇ ਮਿਲਵਾਕੀ ਦੀ ਜਸਲੀਨ ਕੌਰ ਸੰਧਾਵਾਲੀਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 40 ਸਾਲ ਤੋਂ ਵੱਧ ਉਮਰ ਵਾਲੇ ਪੁਰਸ਼ਾਂ ਵਿੱਚ ਸ਼ਿਕਾਗੋ ਦੇ ਮਨਦੀਪ ਕੁਮਾਰ ਪਹਿਲੇ ਅਤੇ ਸੋਨਲ ਸੂਦ ਦੂਜੇ ਸਥਾਨ 'ਤੇ ਰਹੇ, ਜਦਕਿ 40 ਸਾਲ ਤੋਂ ਵੱਧ ਉਮਰ ਵਾਲੀਆਂ ਔਰਤਾਂ ਵਿੱਚ ਮਿਲਵਾਕੀ ਦੀ ਜੋਸ਼ਨਾ ਮਾਨ ਨੇ ਪਹਿਲਾ ਅਤੇ ਮਹਿਕ ਗਿੱਲ ਨੇ ਦੂਜਾ ਸਥਾਨ ਹਾਸਲ ਕੀਤਾ। 50 ਸਾਲ ਤੋਂ ਵੱਧ ਉਮਰ ਵਰਗ ਵਿੱਚ ਸ਼ਿਕਾਗੋ ਦੀ ਰਾਧਿਕਾ ਪਹਿਲੇ ਅਤੇ ਮਨਪ੍ਰੀਤ ਸਿੰਘ ਦੂਜੇ ਸਥਾਨ 'ਤੇ ਰਹੇ। ਇਸ ਤੋਂ ਇਲਾਵਾ ਨਵਜੋਤ ਸਿੰਘ, ਬਲਰਾਜ ਸਿੰਘ ਸੋਹੀ, ਮਿੰਟੂ ਅਤੇ ਗੁਰਬੀਰ ਸਿੰਘ (ਸਾਰੇ ਸ਼ਿਕਾਗੋ ਤੋਂ) ਨੇ ਵੀ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਅਤੇ ਵੱਡੀ ਸਰਾਹਨਾ ਹਾਸਲ ਕੀਤੀ। ਸਮਾਗਮ ਦੌਰਾਨ ਪੁੱਜੇ ਦਰਸ਼ਕਾਂ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਸਿਹਤਮੰਦ ਸਮਾਜ ਦੀ ਨੀਂਹ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਯੂ.ਐੱਸ. ਬਾਰਡਰ ਪੈਟਰੋਲ ਖੁਫੀਆ ਪ੍ਰੋਗਰਾਮ ਤਹਿਤ ਲੱਖਾਂ ਸ਼ੱਕੀ ਅਮਰੀਕੀ ਡਰਾਈਵਰਾਂ 'ਤੇ ਰੱਖੀ ਜਾ ਰਹੀ ਹੈ ਨਜ਼ਰ ਸ਼ੱਕੀ ਡਰਾਈਵਰਾਂ ਨੂੰ ਪੜਤਾਲ ਮਗਰੋਂ ਕੀਤਾ ਜਾਂਦੈ ਗ੍ਰਿਫ਼ਤਾਰ

ਵਾਸ਼ਿੰਗਟਨ-ਯੂ.ਐੱਸ. ਬਾਰਡਰ ਪੈਟਰੋਲ ਖੁਫੀਆ ਪ੍ਰੋਗਰਾਮ ਤਹਿਤ ਦੇਸ਼ ਭਰ 'ਚ ਲੱਖਾਂ ਅਮਰੀਕੀ ਡਰਾਈਵਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਲੋਕਾਂ ਦੀ ਪਛਾਣ ਕਰਕੇ ਹਿਰਾਸਤ 'ਚ ਲਿਆ ਜਾ ਸਕੇ ਜਿਨ੍ਹਾਂ ਦੀ ਯਾਤਰਾ ਸ਼ੱਕੀ ਲੱਗਦੀ ਹੈ।ਬਾਰਡਰ ਪੈਟਰੋਲ ਦੇ ਖੁਫੀਆ ਪ੍ਰੋਗਰਾਮ ਦੇ ਨਤੀਜੇ ਵਜੋਂ ਲੋਕਾਂ ਨੂੰ ਰੋਕਿਆ ਗਿਆ, ਉਨ੍ਹਾਂ ਦੀ ਤਲਾਸ਼ੀ ਲਈ ਗਈ ਅਤੇ ਕੁਝ ਮਾਮਲਿਆਂ 'ਚ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਕੈਮਰਿਆਂ ਦਾ ਨੈੱਟਵਰਕ ਵਾਹਨਾਂ ਦੀਆਂ ਨੰਬਰ ਪਲੇਟਾਂ ਦੀ ਜਾਣਕਾਰੀ ਸਕੈਨ ਤੇ ਰਿਕਾਰਡ ਕਰਦਾ ਹੈ ਅਤੇ ਐਲਗੋਰਿਦਮ ਉਨ੍ਹਾਂ ਵਾਹਨਾਂ ਦੀ ਇਸ ਆਧਾਰ 'ਤੇ ਨਿਸ਼ਾਨਦੇਹੀ ਕਰਕੇ ਸ਼ੱਕੀ ਮੰਨਦਾ ਹੈ ਕਿ ਉਹ ਕਿੱਥੋਂ ਆਏ ਸਨ, ਕਿੱਥੇ ਜਾ ਰਹੇ ਸਨ ਤੇ ਕਿਸ ਰਸਤੇ 'ਤੇ ਗਏ ਸਨ।

ਫੈਡਰਲ ਏਜੰਟ ਬਦਲੇ ਵਿਚ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸੂਚਿਤ ਕਰਦੇ ਹਨ। ਫਿਰ ਅਚਾਨਕ ਡਰਾਈਵਰਾਂ ਨੂੰ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ, ਮੁੜਨ ਦਾ ਸਿਗਨਲ ਨਾ ਹੋਣ ਜਾਂ ਇੱਥੋਂ ਤੱਕ ਕਿ ਲਟਕਦੇ ਹੋਏ ਏਅਰ ਫਰੈਸ਼ਨਰ ਕਾਰਨ ਦਿਖਾਈ ਨਾ ਦੇਣ ਜਿਹੇ ਕਾਰਨਾਂ ਕਰਕੇ ਰੋਕਿਆ ਜਾਂਦਾ ਹੈ। ਫਿਰ ਉਨ੍ਹਾਂ ਤੋਂ ਸਖ਼ਤੀ ਨਾਲ ਪੁੱਛ-ਪੜਤਾਲ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਤਲਾਸ਼ੀ ਲਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਰਾਡਾਰ 'ਤੇ ਲਿਆ ਦਿੱਤਾ ਹੈ।

ਬਾਰਡਰ ਪੈਟਰੋਲ ਦੀ ਮੂਲ ਏਜੰਸੀ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਕਿਹਾ ਕਿ ਉਹ ਖ਼ਤਰਿਆਂ ਦੀ ਪਛਾਣ ਕਰਨ ਅਤੇ ਅਪਰਾਧਿਕ ਨੈੱਟਵਰਕ ਭੰਗ ਕਰਨ ਵਿਚ ਮਦਦ ਲਈ ਲਾਇਸੈਂਸ ਪਲੇਟ ਰੀਡਰਾਂ ਦੀ ਵਰਤੋਂ ਕਰਦੇ ਹਨ ਅਤੇ ਇਹ ਤਕਨਾਲੋਜੀ 'ਬਹੁ-ਪੱਧਰੀ ਨੀਤੀ ਢਾਂਚੇ ਦੇ ਨਾਲ-ਨਾਲ, ਸੰਘੀ ਕਾਨੂੰਨ ਅਤੇ ਸੰਵਿਧਾਨਕ ਸੁਰੱਖਿਆਵਾਂ ਰਾਹੀਂ ਕੰਟਰੋਲ ਹੁੰਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਤਕਨਾਲੋਜੀ ਦੀ ਵਰਤੋਂ ਜ਼ਿੰਮੇਵਾਰੀ ਨਾਲ ਅਤੇ ਸੁਰੱਖਿਆ ਟੀਚਿਆਂ ਲਈ ਕੀਤੀ ਜਾਵੇ।

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ

Call to Advertise
604-590-5200

## ਅਮਰੀਕਾ 'ਚ ਵ੍ਹਾਈਟ ਹਾਊਸ ਨੇੜੇ ਨੈਸ਼ਨਲ ਗਾਰਡ ਦੇ 2 ਫੌਜੀਆਂ ਨੂੰ ਗੋਲੀ ਮਾਰੀ, ਹਾਲਤ ਗੰਭੀਰ

ਵਾਸ਼ਿੰਗਟਨ-ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਤਾਇਨਾਤ ਵੈਸਟ ਵਰਜੀਨੀਆ ਨੈਸ਼ਨਲ ਗਾਰਡ ਦੇ ਦੋ ਮੈਂਬਰਾਂ ਨੂੰ ਬੁੱਧਵਾਰ ਨੂੰ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ, ਵ੍ਹਾਈਟ ਹਾਊਸ ਤੋਂ ਥੋੜ੍ਹੀ ਦੂਰ ਗੋਲੀ ਮਾਰ ਦਿੱਤੀ ਗਈ। ਵਾਸ਼ਿੰਗਟਨ ਦੇ ਮੇਅਰ ਮੂਰੀਅਲ ਬਾਊਜ਼ਰ ਨੇ ਇਸ ਨੂੰ ਇਕ ਯੋਜਨਾਬੱਧ ਹਮਲਾ ਦੱਸਿਆ ਹੈ। ਸੰਘੀ ਜਾਂਚ ਏਜੰਸੀ (ਐੱਫ.ਬੀ.ਆਈ.) ਦੇ ਡਾਇਰੈਕਟਰ ਕਾਸ਼ ਪਟੇਲ ਅਤੇ ਬਾਊਜ਼ਰ ਨੇ ਕਿਹਾ ਕਿ ਦੋਵੇਂ ਨੈਸ਼ਨਲ ਗਾਰਡ ਮੈਂਬਰ ਗੰਭੀਰ ਹਾਲਤ ਵਿਚ ਹਨ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਗੋਲੀਬਾਰੀ ਤੋਂ ਬਾਅਦ, ਟਰੰਪ ਪ੍ਰਸ਼ਾਸਨ ਨੇ ਤੁਰੰਤ 500 ਹੋਰ ਨੈਸ਼ਨਲ ਗਾਰਡ ਮੈਂਬਰਾਂ ਨੂੰ ਵਾਸ਼ਿੰਗਟਨ ਭੇਜਣ ਦਾ ਹੁਕਮ ਦਿੱਤਾ ਹੈ। ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਨੂੰ ਵਾਧੂ ਫੌਜੀ ਭੇਜਣ ਲਈ ਕਿਹਾ ਸੀ।ਨਿਆਂ ਵਿਭਾਗ ਦੇ ਇਕ ਅਧਿਕਾਰੀ, ਜਿਸ ਨੇ ਆਪਣਾ ਨਾਂ ਗੁਪਤ ਰੱਖਿਆ, ਮੁਤਾਬਕ ਸੰਘੀ ਤਫ਼ਤੀਸ਼ਕਾਰਾਂ ਨੇ ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਕਰਨ ਵਾਲੇ ਮਸ਼ਕੂਕ ਦੀ ਪਛਾਣ ਰਹਿਮਾਨਉੱਲਾ ਲਾਕਨਵਾਲ ਵਜੋਂ ਕੀਤੀ ਹੈ, ਜੋ ਕਿ ਵਾਸ਼ਿੰਗਟਨ ਵਿਚ ਰਹਿਣ ਵਾਲਾ 29 ਸਾਲਾ ਅਫ਼ਗਾਨ ਨਾਗਰਿਕ ਹੈ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਦੀ ਜਾਂਚ ਅੱਤਵਾਦੀ ਹਮਲੇ ਵਜੋਂ ਕੀਤੀ ਜਾ ਰਹੀ ਹੈ।ਲਾਕਨਵਾਲ 2021 'ਚ ਅਫ਼ਗਾਨ ਨਾਗਰਿਕਾਂ ਲਈ ਇਕ ਵਿਸ਼ੇਸ਼ ਵੀਜ਼ਾ ਪ੍ਰੋਗਰਾਮ ਤਹਿਤ ਅਮਰੀਕਾ ਵਿਚ ਦਾਖਲ ਹੋਇਆ ਸੀ। ਅਧਿਕਾਰੀ ਨੇ ਕਿਹਾ ਕਿ ਉਹ ਹੁਣ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਦੇਸ਼ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ।

## ਭਾਰਤੀ-ਅਮਰੀਕੀ ਡਿਪਲੋਮੈਟ ਦਾ ਦੋਸ਼ ਭਾਰਤ 'ਚ ਐੱਚ-1ਬੀ ਵੀਜ਼ਾ ਧੋਖਾਧੜੀ ਆਮ



ਵਾਸ਼ਿੰਗਟਨ- ਇੱਕ ਭਾਰਤੀ-ਅਮਰੀਕੀ ਵਿਦੇਸ਼ੀ ਸੇਵਾ ਅਧਿਕਾਰੀ ਸਿਦੀਕੀ ਨੇ ਦੋਸ਼ ਲਗਾਇਆ ਹੈ ਕਿ ਭਾਰਤ ਵਿਚ ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿਚ ਲਗਭਗ 20 ਸਾਲਾਂ ਤੋਂ ਪ੍ਰਣਾਲੀਗਤ ਧੋਖਾਧੜੀ ਚੱਲ ਰਹੀ ਹੈ। ਉਸ ਨੇ ਦਾਅਵਾ ਕੀਤਾ ਕਿ ਵਾਸ਼ਿੰਗਟਨ ਵਿਚ ਵਾਰ-ਵਾਰ ਇਹ ਮੁੱਦਾ ਚੁੱਕੇ ਜਾਣ ਦੇ ਬਾਵਜੂਦ ਹਾਲੇ ਵੀ ਇਸ ਦਾ ਹੱਲ ਨਹੀਂ ਹੋਇਆ।

20 ਨਵੰਬਰ ਨੂੰ ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਦੇ 'ਪਾਰਸਿੰਗ ਇਮੀਗ੍ਰੇਸ਼ਨ ਪਾਲਿਸੀ' ਪੋਡਕਾਸਟ 'ਤੇ ਨਿੱਜੀ ਤੌਰ 'ਤੇ ਬੋਲਦੇ ਹੋਏ, ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਵਿਖੇ ਨੀਤੀ ਅਧਿਐਨ ਦੀ ਡਾਇਰੈਕਟਰ, ਹੋਸਟ ਜੈਸਿਕਾ ਵੌਨ ਨਾਲ ਗੱਲਬਾਤ ਦੌਰਾਨ, ਮਹਵਾਸ਼ ਸਿੱਦੀਕੀ ਨੇ ਕਿਹਾ ਕਿ ਉਸਨੇ 2005 ਅਤੇ 2007 ਦੇ ਵਿਚਕਾਰ ਚੇਨੱਈ ਦੇ ਅਮਰੀਕੀ ਕੌਂਸਲੇਟ ਵਿਖੇ 51,000 ਤੋਂ ਵੱਧ ਐੱਚ-1ਬੀ ਅਰਜ਼ੀਆਂ ਦਾ ਫੈਸਲਾ ਕਰਦੇ ਹੋਏ 'ਉਦਯੋਗਿਕ ਧੋਖਾਧੜੀ' ਦਾ ਦਸਤਾਵੇਜ਼ੀਕਰਨ ਕੀਤਾ ਸੀ।

ਵੀਜ਼ਾ ਧੋਖਾਧੜੀ ਨੂੰ ਰੋਕਣ ਲਈ ਦੂਤਾਵਾਸ 'ਚ ਇੱਕ ਛੋਟੀ ਟਾਸਕ ਫੋਰਸ ਦਾ ਹਿੱਸਾ ਰਹੀ ਸਿੱਦੀਕੀ ਨੇ ਕਿਹਾ ਕਿ ਭਾਰਤ ਵਿਚ ਵੀਜ਼ਾ ਧੋਖਾਧੜੀ ਆਮ ਹੈ। ਉਸਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੁਆਰਾ ਸਮੀਖਿਆ ਕੀਤੇ ਗਏ 80-90 ਪ੍ਰਤੀਸ਼ਤ ਮਾਮਲਿਆਂ ਵਿਚ ਜਾਅਲੀ ਦਸਤਾਵੇਜ਼, ਜਾਅਲੀ ਡਿਗਰੀਆਂ, ਜਾਂ ਅਯੋਗ ਬਿਨੈਕਾਰ ਸ਼ਾਮਲ ਸਨ।

ਉਸਨੇ ਹੈਦਰਾਬਾਦ ਦੇ ਅਮੀਰਪੇਟ ਜ਼ਿਲ੍ਹੇ ਵਿਚ ਪ੍ਰੌਕਸੀ ਇੰਟਰਵਿਊਆਂ, ਜਾਅਲੀ ਸਰਟੀਫਿਕੇਟਾਂ ਅਤੇ ਦਸਤਾਵੇਜ਼ਾਂ ਦੀ ਧੋਖਾਧੜੀ ਦੀ ਇੱਕ ਲੜੀ ਦਾ ਹਵਾਲਾ ਦਿੱਤਾ। ਅਮਰੀਕਾ ਦੀ ਗੱਲ ਕਰੀਏ, ਤਾਂ ਉਸਨੇ ਅਮਰੀਕਾ ਸਥਿਤ ਟੀਮਾਂ ਵਿਚ ਰਿਸ਼ਵਤਖੋਰੀ ਪ੍ਰਣਾਲੀ ਦਾ ਵੀ ਜ਼ਿਕਰ ਕੀਤਾ, ਜਿਸਦੀ ਅਗਵਾਈ ਆਮ ਤੌਰ 'ਤੇ ਭਾਰਤੀ-ਮੁਖੀ ਪ੍ਰਬੰਧਕ ਕਰਦੇ ਹਨ, ਜੋ ਖਾਸ ਉਮੀਦਵਾਰਾਂ ਨੂੰ ਨੌਕਰੀਆਂ ਸੌਂਪਦੇ ਹਨ।

Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani
206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
-SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

Website:multanilawgroup.com
Email:Jashan@multanilawgroup.com

*Add: 512 West Meeker St, Kent, WA 98032*

ਸਿਆਟਲ ਨਿਵਾਸੀਆਂ ਦਾ ਜਾਨਿਆਂ ਪਹਿਚਾਨਿਆਂ ਤੇ ਭਰੋਸੇਮੰਦ

# USA TRAVEL

## FLY from Seattle to India

We Represent All Major Airlines

TURKISH AIRLINES

QATAR AIRWAYS القطرية

DELTA

Emirates

Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451

1729 208th St Suite #202, Bothell WA 98012
Ph: 425-420-1888 | 425-420-1889

Email: info@usatravelguru.com
Website: www.usatravelguru.com

*India Special FARES*

USA Travel Services is your one-stop shop for all of your travel needs.

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਓ




OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

New Pabla Ready To Eat Frozen Cuisine Available
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ




ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com

## PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੋਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559 Email: pablajas@yahoo.com

## Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ




ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200


## PIZZA STATION

15300 33rd Ave S. Suite130, Seatac WA
10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com

## Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)
PH:206-644-4010

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

JAG'S PIZZA

ਇੰਡੀਅਨ ਸਟਾਈਲ ਪੀਜ਼ਾ
ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ

PH:360-386-9508

5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

NEW CENTURY TRANSPORT LLC

WE ARE URGENTLY HIRING TEAMS TO RUN FROM WASHINTON TO CALIFORNIA

- Dedicated, steady, year-round work
- Drop and hooks lanes
- 100% no-touch freight
- Mostly light loads
- Payment 15th & 31st directly into your bank
- Up to dollar off per gallon fuel discounts
- Monthly safety bonuses & training



Apply online or call us now at :
www.nctrans.net/owner-operator.php
Call: 206-858-8490

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery
Apple Farm Paneer $3.99/Lb
Fresh Sugarcane Juice — Natural Energy Drink Refresh Your Power
PANI PURI
Fresh Smoothies
FREE PANI-PURI FRI-SUN (12PM 5PM) ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

Ready to grow your business?
Count on us for solutions.
Gifty Singh
Bellevue
400 112th Ave NE
206–909–5226
BANNER BANK
bannerbank.com Member FDIC

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾਂ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

-CONVENTIONAL -FHA -VA Loans -30YR/15YR/10YR FIXED -DSCR -P&L -30 DAY SOFR ARM -1099 PROGRAM -7/6 SOFR ARMS -LOT/CUSTOM CONSTRUCTION LOAN AVAILABLE -24/12 BANK STATEMENT LOANS

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

LANCER TRUCKING LLC
21307-116TH AVE SE, KENT, WA 98031-2206
Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE BEER AVAILABLE
ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870